
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 1
April 17, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 25 ਵੇ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ। **(ਰਿਪੋਰਟ ਦੇਖੋ ਸਫਾ 4 ‘ਤੇ)**




ਨਿਊਵਾਰਕ ’ਚ ਮਨਾਇਆ ਗਿਆ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਦਾ 128ਵਾਂ ਜਨਮ ਦਿਹਾੜਾ। **(ਰਿਪੋਰਟ ਦੇਖੋ ਸਫਾ 12, 13 ‘ਤੇ)**

## ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਹੁਲ ਗਾਂਧੀ ਵੱਲੋਂ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਅੰਮ੍ਰਿਤਸਰ (ਬਿਊਰੋ)–** ਜੱਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਮੌਕੇ ਦੇਸ਼ ਦੇ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਇੱਥੇ ਜੱਲ੍ਹਿਆਂਵਾਲਾ ਬਾਗ ਵਿੱਚ ਸ਼ਹੀਦੀ ਸਮਾਰਕ ’ਤੇ ਫੁੱਲਮਾਲਾ ਭੇਟ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸ਼ਹੀਦਾਂ ਦੀ ਯਾਦ ਵਿੱਚ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਵੀ ਜਾਰੀ ਕੀਤੀ ਗਈ ਹੈ। ਉਪ ਰਾਸ਼ਟਰਪਤੀ ਨੇ ਇਥੇ ਜੱਲ੍ਹਿਆਂਵਾਲਾ ਬਾਗ ਦੀ ’ਯਾਤਰੂ ਕਿਤਾਬ’ ਵਿੱਚ ਦਰਜ ਕੀਤੀਆਂ ਆਪਣੀਆਂ ਭਾਵਨਾਵਾਂ ਅਤੇ ਸੋਸ਼ਲ ਮੀਡੀਆ ਉੱਤੇ ਇਕ ਟਵੀਟ ਰਾਹੀਂ ਆਖਿਆ ਕਿ ਜੱਲ੍ਹਿਆਂਵਾਲਾ ਬਾਗ



ਦਾ ਖ਼ੂਨੀ ਸਾਕਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਸਨ। ਇਹ ਸ਼ਰਧਾਂਜਲੀ ਉਨ੍ਹਾਂ ਸਾਰੇ ਬੇਦੋਸ਼ੇ ਦੇਸ਼ ਵਾਸੀਆਂ ਨੂੰ ਹੈ, ਜਿਨ੍ਹਾਂ ਨੇ 1919 ਵਿੱਚ ਵਿਸਾਖੀ ਵਾਲੇ ਦਿਨ ਜੱਲ੍ਹਿਆਂਵਾਲਾ ਬਾਗ ਵਿੱਚ ਆਪਣੀ ਜਾਨ ਕੁਰਬਾਨ ਕੀਤੀ ਸੀ। ਉਹ ਇੱਥੇ ਆਉਣ ਮਗਰੋਂ ਜਿਥੇ ਗਮਗੀਨ ਮਹਿਸੂਸ ਕਰਦੇ ਹਨ, ਉਥੇ ਸ਼ਹੀਦਾਂ ਵਲੋਂ ਦਿੱਤੀ ਕੁਰਬਾਨੀ ’ਤੇ ਫਖ਼ਰ ਵੀ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਸਾਨੂੰ ਆਪਣੀਆਂ ਗਲਤੀਆਂ ਤੋਂ ਸਿੱਖਿਆ ਲੈਣ ਲਈ ਸੁਚੇਤ ਵੀ ਕਰਦਾ

**(ਬਾਕੀ ਸਫਾ 15 ‘ਤੇ)**

## ਭਾਰਤ ਬਣੇਗਾ ਨਾਟੋ ਦਾ ਸਹਿਯੋਗੀ ਦੇਸ਼, ਦਰਜਾ ਦੇਣ ਦੀ ਤਿਆਰੀ ’ਚ ਅਮਰੀਕਾ

**ਵਾਸ਼ਿੰਗਟਨ (ਬਿਊਰੋ):** ਅਮਰੀਕੀ ਸੰਸਦ ’ਚ ਕਰੀਬ ਅੱਧਾ ਦਰਜਨ ਪ੍ਰਭਾਵਸ਼ਾਲੀ ਸੰਸਦ ਮੈਂਬਰਾਂ ਨੇ ਅਮਰੀਕਾ-ਭਾਰਤ ਦੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਇਕ ਅਹਿਮ ਬਿੱਲ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਲਾਗੂ ਹੁੰਦਾ ਹੈ ਤਾਂ ਅਮਰੀਕੀ ਵਿਦੇਸ਼ ਵਿਭਾਗ ਭਾਰਤ ਨੂੰ ਨਾਟੋ (ਨਾਰਥ ਅਟਲਾਂਟਿਕ ਟ੍ਰੀਟੀ ਆਰਗੇਨਾਈਜੇਸ਼ਨ) ਦੇ ਸਹਿਯੋਗੀ ਦਾ ਦਰਜਾ ਦੇਵੇਗਾ। ’ਅਮਰੀਕਾ ਆਰਮਜ਼ ਐਕਸਪੋਰਟ ਕੰਟਰੋਲ ਐਕਟ’ ਵਿਚ ਭਾਰਤ ਨੂੰ ਨਾਟੋ ਸਹਿਯੋਗੀ ਦੇਸ਼ ਦੇ ਤੌਰ ’ਤੇ



ਤਰਜੀਹ ਮਿਲੇਗੀ। ਇਸ ਬਿੱਲ ’ਤੇ ਕੰਮ ਕਰ ਰਹੇ ਯੂਐੱਸ-ਇੰਡੀਆ ਸਟ੍ਰੈਟਜਿਕ ਪਾਰਟਨਰਸ਼ਿਪ ਫੋਰਮ ਮੁਤਾਬਕ, ਇਹ ਇਸ ਗੱਲ ਦਾ ਪ੍ਰਭਾਵਪੂਰਨ ਸੰਕੇਤ ਹੋਵੇਗਾ ਕਿ ਰੱਖਿਆ ਸੌਦਿਆਂ ਵਿਚ ਭਾਰਤ ਅਮਰੀਕਾ ਦੀ ਤਰਜੀਹ ਵਿਚ ਹੈ।

ਪਿਛਲੇ ਹਫ਼ਤੇ ਸੰਸਦ ਮੈਂਬਰ ਜੋ ਵਿਲਸਨ ਨੇ ਬਿੱਲ ਐੱਚਆਰ 2123 ਪੇਸ਼ ਕੀਤਾ ਸੀ। ਉਹ ‘ਹਾਊਸ ਫਾਰੇਨ ਅਫੇਅਰਜ਼ ਕਮੇਟੀ’ ਦੇ ਸੀਨੀਅਰ ਮੈਂਬਰ ਹਨ।

**(ਬਾਕੀ ਸਫਾ 15 ‘ਤੇ)**

## ਦੇਸ਼ ਦੁਆਬਾ ਦਾ 8ਵੇਂ ਵਰ੍ਹੇ ’ਚ ਪ੍ਰਵੇਸ਼

ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ, ਪਾਠਕ, ਲੇਖਕ ਸਾਹਿਬਾਨ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 13 ਅਪ੍ਰੈਲ 2019 ਨੂੰ ਹਫਤਾਵਾਰੀ ‘ਦੇਸ਼ ਦੁਆਬਾ’ ਅੱਠਵੇਂ ਸਾਲ ਵਿਚ ਪ੍ਰਵੇਸ ਕਰ ਚੁੱਕਾ ਹੈ।

ਹੱਥਲਾ ਅੰਕ ਅੱਠਵੇਂ ਸਾਲ ਦਾ ਪਹਿਲਾ ਅੰਕ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਵੀ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਦੇ ਰਹਾਂਗੇ। ਅਦਾਰਾ ‘ਦੇਸ਼ ਦੁਆਬਾ’ ਅਤੇ ‘ਅੰਬੇਦਕਰ ਟਾਈਮਜ਼’ ਵੱਲੋਂ ਖਾਲਸਾ ਜੀ ਦੇ ਜਨਮ ਦਿਹਾੜੇ, ਵਿਸਾਖੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 128ਵੇਂ ਜਨਮ ਦਿਨ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਮੁਬਾਰਕਾਂ।

-ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)



REAL ESTATE INVESTMENTS? BUY OR SELL PROPERTY? 1031 EXCHANGE? NEW HOMES?
ONE STOP SHOP FOR YOU
Few areas are growing rapidly, Tracy, Lathrop, Manteca, Mountain House,
We can help you get loan approval, purchase, mange your property and handle all repairs tracy, Lathrop, Manteca, Mountain house
Expert Realtor Parth Ghai 209-420-5653
Hindi, Punjabi and English, Call Anytime 209-420-5653
Valley Pacific Realty and Investments Stockton # 01722418


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਭਾਰਤ ਅੜਿੱਕੇ ਵੀ ਡਾਹਵੇ ਤਦ ਵੀ ਪਾਕਿਸਤਾਨ ਕਰਤਾਰਪੁਰ ਸਾਹਿਬ ਦਾ ਲਾਂਘਾ ਜ਼ਰੂਰ ਬਣਾਵੇਗਾ- ਮੁਹੰਮਦ ਸਰਵਰ

## ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਦਾ ਪਲਕਾਂ ਵਿਛਾ ਕੇ ਸਵਾਗਤ ਕਰਾਂਗੇ










(ਖਬਰ ਦੇਖੋ ਸਫਾ 10 'ਤੇ)









# ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਕਮਾਲਾ ਹੈਰਿਸ ਨੇ 12 ਮਿਲੀਅਨ ਡਾਲਰ ਫੰਡ ਇਕੱਠਾ ਕੀਤਾ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਸੈਨੇਟਰ ਕਮਲਾ ਹੈਰਿਸ ਨੇ ਇਸ ਸਾਲ ਦੀ ਪਹਿਲੀ ਤਿਮਾਹੀ ਦੌਰਾਨ 12 ਮਿਲੀਅਨ ਡਾਲਰ ਫੰਡ ਇਕੱਠਾ ਕੀਤਾ ਹੈ। ਇਸ ਫੰਡ ਵਿਚ 218000 ਵਿਅਕਤੀਆਂ ਨੇ ਯੋਗਦਾਨ ਪਾਇਆ ਹੈ। ਹੈਰਿਸ ਜੋ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕਰੈਟਿਕ ਉਮੀਦਵਾਰ ਵਜੋਂ ਨਾਮਜ਼ਦਗੀ ਦੀ ਤਲਾਸ਼ ਵਿਚ ਹਨ, ਦੂਸਰੇ ਵੱਡੇ ਉਮੀਦਵਾਰ ਹਨ ਜਿਹਨਾਂ ਨੇ ਪਹਿਲੀ ਤਿਮਾਹੀ ਦੌਰਾਨ ਇਕੱਠੇ ਹੋਏ ਫੰਡ ਬਾਰੇ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਇੰਡੀਆਨਾ ਦੇ ਮੇਅਰ ਪੀਟ ਬਟੀਜੀਗ ਨੇ ਐਲਾਨ ਕੀਤਾ ਸੀ ਕਿ ਉਸ ਨੇ ਪਹਿਲੀ ਤਿਮਾਹੀ ਦੌਰਾਨ 7 ਮਿਲੀਅਨ ਡਾਲਰ ਤੋਂ ਵਧ ਫੰਡ ਜੁਟਾਇਆ ਹੈ। ਹੈਰਿਸ ਦੀ ਚੋਣ ਮੁਹਿੰਮ ਦੇ ਮੈਨੇਜਰ ਜਾਨ ਰੌਡਰਿਗਜ਼ ਨੇ ਕਿਹਾ ਹੈ ਕਿ ਜਮੀਨੀ ਪੱਧਰ ’ਤੇ ਰਾਸ਼ਟਰੀ ਨੈਟਵਰਕ ਦੇ ਹਜਾਰਾਂ ਕਾਰਕੁੰਨ ਜੇਤੂ ਮਹਿੰਮ ਦੀ ਨੀਂਹ ਰਖਣ ਲਈ ਅੱਗੇ ਆਏ ਹਨ। ਉਸ ਨੇ ਕਿਹਾ ਹੈ ਕਿ ਇਸ ਮੁਹਿੰਮ ਨੂੰ ਲੋਕਾਂ ਨੇ ਸ਼ਕਤੀ ਦਿੱਤੀ ਹੈ।

## ਰਾਵੀ ’ਤੇ ਬਣੇਗਾ 100 ਮੀਟਰ ਲੰਬਾ ਤੇ 5.5 ਮੀਟਰ ਉੱਚਾ ਪੁਲ਼

**ਡੇਰਾ ਬਾਬਾ ਨਾਨਕ :** ਪਾਕਿਸਤਾਨ ’ਚ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਸਬੰਧੀ ਮੰਗਲਵਾਰ ਨੂੰ ਡੇਰਾ ਬਾਬਾ ਨਾਨਕ ਨਾਲ ਲੱਗਦੀ ਕੌਮਾਂਤਰੀ ਸਰਹੱਦ ’ਤੇ ਜ਼ੀਰੋ ਲਾਈਨ ਵਿਖੇ ਭਾਰਤ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ’ਚ ਸਰਹੱਦ ਕੋਲੋਂ ਲੰਘਦੇ ਰਾਵੀ ਦਰਿਆ ’ਤੇ ਬਣਨ ਵਾਲੇ ਪੁਲ਼ ਨੂੰ ਲੈ ਕੇ ਦੋਨਾਂ ਦੇਸ਼ਾਂ ਦੇ ਤਕਨੀਕੀ ਮਾਹਿਰਾਂ ਦੀ ਟੀਮ ਨੇ ਵਿਚਾਰ ਚਰਚਾ ਕੀਤੀ। ਸਵੇਰੇ 10.30 ਵਜੇ ਸ਼ੁਰੂ ਹੋਈ ਮੀਟਿੰਗ ਦੁਪਹਿਰ ਢਾਈ ਵਜੇ ਤਕ ਚੱਲੀ।

ਮੀਟਿੰਗ ਪਿੱਛੋਂ ਅਧਿਕਾਰੀਆਂ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ ਅਤੇ ਉਥੋਂ ਰਵਾਨਾ ਹੋ ਗਏ। ਲਾਂਘੇ ਦੇ ਨਿਰਮਾਣ ਵਿਚ ਲੱਗੀ ਸੀਗਲ ਇੰਡੀਆ ਪ੍ਰਾਈਵੇਟ ਲਿਮਟਿਡ ਕੰਪਨੀ ਨੇ ਭਾਰਤ-ਪਾਕਿਸਤਾਨ ਸਰਹੱਦ ’ਤੇ ਜ਼ੀਰੋ ਲਾਈਨ ’ਤੇ ਬਣਨ ਵਾਲੇ ਪੁਲ ਦਾ ਕੰਮ ਕੁਝ ਪਹਿਲੇ ਸ਼ੁਰੂ ਕਰ ਦਿੱਤਾ ਸੀ। ਇਹ ਪੁ਼ਲ 100 ਮੀਟਰ ਲੰਬਾ ਅਤੇ 5.5 ਮੀਟਰ ਉੱਚਾ ਹੋਵੇਗਾ।

# ਇੰਡਿਆਨਾ ਦੇ ਗਵਰਨਰ ਨੇ ‘ਨਫ਼ਰਤੀ ਅਪਰਾਧ ਬਿੱਲ’ ਉਪਰ ਸਹੀ ਪਾਈ, ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਵਿਵਸਥਾ

**ਇੰਡਿਆਨਾ (ਹੁਸਨ ਲੜੋਆ ਬੰਗਾ)–** ’ਨਫ਼ਰਤੀ ਅਪਰਾਧ ਬਿੱਲ’ ਦੀ ਇੰਡਿਆਨਾ ਸੈਨੇਟ ਵੱਲੋਂ ਪ੍ਰਵਾਨਗੀ ਦੇਣ ਦੇ 24 ਘੰਟੇ ਬਾਅਦ ਗਵਰਨਰ ਐਰਿਕ ਹੋਲਕੰਬ ਨੇ ਚੁੱਪ ਚਪੀਤੇ ਇਸ ਉਪਰ ਸਹੀ ਪਾ ਦਿੱਤੀ ਜਿਸ ਉਪਰੰਤ ਇਹ ਬਿੱਲ ਕਾਨੂੰਨ ਬਣ ਗਿਆ ਹੈ। ਸੈਨੇਟ ਤੇ ਗਵਰਨਰ ਨੇ ਉਨਾਂ ਅਲੋਚਕਾਂ ਦੀ ਪ੍ਰਵਾਹ ਨਹੀਂ ਕੀਤੀ ਜਿਨਾਂ ਦਾ ਤਰਕ ਸੀ ਕਿ ਇਹ ਬਿੱਲ ਪੀੜਤ ਲੋਕਾਂ ਦੇ ਅਧਿਕਾਰਾਂ ਦੀ ਹਿਫ਼ਾਜਤ ਕਰਨ ਦੇ ਸਮਰਥ ਨਹੀਂ ਹੈ। ਬਿੱਲ ਉਪਰ ਦਸਤਖਤ ਕਰਨ ਉਪਰੰਤ ਪ੍ਰੈਸ ਕਾਨਫਰੰਸ ਕਰਨ ਦੀ ਬਜਾਏ ਗਵਰਨਰ ਹੋਲਕੰਬ ਦੇ ਸਟਾਫ਼ ਨੇ ਮੀਡੀਆ ਲਈ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਕਿਹਾ ਗਿਆ ਹੈ ਕਿ ’ਸੈਨੇਟ ਐਨਰੋਲਡ ਐਕਟ 198’ ਸਮੇਤ 12 ਹੋਰ ਬਿੱਲਾਂ ਉਪਰ ਦਸਤਖਤ ਕਰ ਦਿੱਤੇ ਗਏ ਹਨ। ਹੋਲਕੰਬ ਨੇ ਬਿਆਨ ਵਿਚ ਕਿਹਾ ਹੈ ਕਿ ਸਾਡਾ ਮਕਸਦ ਉਨਾਂ ਲੋਕਾਂ ਦੀ ਹਿਫ਼ਾਜਤ ਕਰਨਾ ਸੀ ਜਿਨਾਂ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ



ਹੈ। ਅਸੀਂ ਗਿਣਮਿਥਕੇ ਕੀਤੀ ਜਾਂਦੀ ਹਿੰਸਾ ਵਿਰੁੱਧ ਸਖਤ ਸਟੈਂਡ ਲਿਆ ਹੈ। ਉਨਾਂ ਹੋਰ ਕਿਹਾ ਹੈ ਕਿ ਮੈਨੂੰ ਇਹ ਵਿਸ਼ਵਾਸ਼ ਹੈ ਕਿ ਸਾਡੇ ਜੱਜ ਇਸ ਕਾਨੂੰਨ ਤਹਿਤ ਉਨਾਂ ਲੋਕਾਂ ਨੂੰ ਢੁੱਕਵੀਂ ਸਜ਼ਾ ਦੇਣਗੇ ਜੋ ਨਫ਼ਰਤੀ ਅਪਰਾਧ ਕਰਦੇ ਹਨ। ’ਐਂਟੀ ਡੈਫਾਮੇਸ਼ਨ ਲੀਗ’ ਨੇ ਆਪਣੀ ਸਥਿੱਤੀ ਮੁੜ ਦੁਹਰਾਉਂਦਿਆਂ ਕਿਹਾ ਹੈ ਕਿ ਇਸ ਬਿੱਲ ਨਾਲ ਹੋਲਕੰਬ ਦਾ ਮਕਸਦ ਪੂਰਾ ਨਹੀਂ ਹੋਵੇਗਾ ਕਿਉਂਕਿ ਇਹ ਬਿੱਲ ਬਹੁਤ ਅਸਪੱਸ਼ਟ ਹੈ। ਲੀਗ ਦਾ ਕਹਿਣਾ ਹੈ ਕਿ ਉਹ ਆਪਣੇ ਸਟੈਂਡ ਉਪਰ ਕਾਇਮ ਹੈ ਕਿ ਐਸ ਬੀ 198 ’ਉਚਿੱਤ ਨਫ਼ਰਤੀ-ਅਪਰਾਧ ਕਾਨੂੰਨ’ ਨਹੀਂ ਹੈ। ਇਸ ਦੇ ਉਲਟ ਇੰਡਿਆਨਾ ਸੁਪਰੀਮ ਕੋਰਟ ਦੇ ਇਕ ਸਾਬਕਾ ਜੱਜ ਫਰੈਂਕ ਸਲੀਵਨ ਜੂਨੀਅਰ ਨੇ ਹੋਲਕੰਬ ਨੂੰ ਲਿਖੇ ਇਕ ਪੱਤਰ ਵਿਚ ਕਿਹਾ ਹੈ ਕਿ ਬਿੱਲ ਵਿਚਲੀ ਭਾਸ਼ਾ ਕਾਨੂੰਨੀ ਪੱਖ ਤੋਂ ਕਾਫੀ ਹੈ ਤੇ ਇਸ ਨੂੰ ਪੂਰੇ ਇੰਡਿਆਨਾ ਵਿਚ ਟਰਾਇਲ ਅਦਾਲਤਾਂ ਕਸੂਰਵਾਰਾਂ ਨੂੰ ਸਖਤ ਸਜ਼ਾ ਦੇਣ ਲਈ ਵਰਤ ਸਕਦੀਆਂ ਹਨ।

# ਅਮਰੀਕਾ ਪੁੱਜੇ ਪਾਕਿਸਤਾਨ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹਮੰਦ ਸਰਵਰ ਨੇ ਅਮਰੀਕਾ ਨਿਵਾਸੀ ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ‘ਤੇ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਪਾਕਿਸਤਾਨ ਦੀ ਪਵਿੱਤਰ ਧਰਤੀ ਨਨਕਾਣਾ ਸਾਹਿਬ ਤੋਂ ਮੁਹਬੱਤ, ਸ਼ਾਂਤੀ, ਸਦਭਾਵਨਾ ਤੇ ਦੋਸਤੀ ਦਾ ਸੰਦੇਸ਼ ਲੈ ਕੇ ਅਮਰੀਕਾ ਪੁੱਜੇ ਪਾਕਿਸਤਾਨ ਦੇ ਵਡੇ ਸੂਬੇ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹਮੰਦ ਸਰਵਰ ਅਮਰੀਕਾ ਨਿਵਾਸੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਉਤਸਵ ਮਨਾਉਣ ਦਾ ਸੱਦਾ ਦੇਣ ਅਮਰੀਕਾ ਪਹੁੰਚ ਗਏ ਹਨ। ਨਿਊਯਾਰਕ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕੌਮ ਦੀ ਨੁਮਾਂਇਦਾ ਜਥੇਬੰਦੀ ਈਸਟ ਕੋਸਟ ਕਮੇਟੀ ਤੇ ਸਿੱਖ ਚੈਂਬਰਜ਼ ਆਫ ਕਮਰਸ ਨੇ ਇਕ ਸਾਂਝੇ ਵਫਦ ਦੇ ਰੂਪ ਵਿਚ ਗਰਵਰਨ ਸਾਹਿਬ ਨਾਲ ਸ਼ਾਨਦਾਰ ਮਾਹੌਲ ਵਿਚ ਮੁਲਾਕਾਤ ਕੀਤੀ ਤੇ ਗਵਰਨਰ ਸਾਹਬ ਦੇ ਵੀਚਾਰਾਂ ਨੂੰ ਸੁਣਿਆ। ਉਨਾਂ ਕਿਹਾ ਕਿ ਉਹ ਅਮਰੀਕਾ ਭਰਦੇ ਸਿੱਖਾਂ ਨੂੰ ਇਹ ਸੱਦਾ ਦੇਣ ਖਾਸ ਤੌਰ ਤੇ ਇਥੇ ਆਏ ਹਨ



ਕਿ ਸਿੱਖ ਆਪ ਆਪਣੇ ਹੱਥੀਂ ਬਾਬਾ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਵੀ ਮਨਾਉਣ ਤੇ ਵਧ ਚੜ੍ਹ ਕੇ ਹਿੱਸਾ ਵੀ ਲੈਣ। ਉਹ ਨਨਕਾਣਾ ਸਾਹਿਬ, ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕਾਰਜ ਤੇ ਨਨਕਾਣਾ ਸਾਹਿਬ ਬਨਣ ਜਾ ਰਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਾਰੇ ਵੀ ਗੱਲਬਾਤ ਕਰਨ ਕਰਨ ਆਏ ਹਨ। ਇਨ੍ਹਾਂ ਵਡੇ ਤਿੰਨ ਕਾਰਜਾਂ ਬਾਰੇ ਸਿੱਖ ਆਪ ਜਾ ਕੇ ਪਾਕਿਸਤਾਨ ਸਰਕਾਰ ਦੇ ਨੇਕ ਇਰਾਦਿਆਂ ਤੇ ਹੋ ਰਹੇ ਕੰਮਾਂ ਨੂੰ ਵੇਖਣ ਤੇ ਮਹਿਸੂਸ ਕਰਨ ਕਿ ਪਾਕਿਸਤਾਨ ਸਰਕਾਰ ਸਿੱਖ ਕੌਮ ਦੀ ਰੂਹਾਨੀਅਤ ਤੇ ਚੜ੍ਹਦੀ ਕਲਾ ਲਈ ਸਿਰ ਤੋੜ ਯਤਨ ਕਰ ਰਹੀ ਹੈ ਤਾਂ ਕਿ ਸਿੱਖਾਂ ਨੂੰ ਪਾਕਿਸਤਾਨ ਆਪਣੇ ਘਰ ਵਾਂਗ ਲੱਗੇ। ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਤੇ ਯਾਦਵਿੰਦਰ ਸਿੰਘ ਹੁਰਾਂ ਗਵਰਨਰ ਸਰਵਰ ਨਾਲ ਮੁਲਾਕਾਤ ਨੂੰ ਬਹੁਤ ਕਾਮਯਾਬ ਦੱਸਦਿਆਂ ਪਾਕਿਸਤਾਨ ਸਰਕਾਰ ਤੇ ਉਥੋਂ ਦੇ ਅਵਾਮ ਦੀ ਪ੍ਰਸ਼ੰਸਾ ਕੀਤੀ ਤੇ ਸੱਦੇ ਲਈ ਧੰਨਵਾਦ ਕੀਤਾ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂੰਹ ਸੰਗਤਾਂ ਵੱਲੋਂ ਐਤਵਾਰ ਦੇ ਹਫਤਾਵਰੀ ਦਿਵਾਨ ਸਜਾਏ ਗਏ

**ਰਿਓ ਲਿੰਡਾ-** ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮੂੰਹ ਸਾਧਸੰਗਤਿ ਵਲੋਂ ਸਰਬੱਤ ਦੇ ਭਲੇ ਅਤੇ ਸੰਗਤਾਂ ਦੀ ਚੜ੍ਹਦੀ ਕਲਾ ਵਾਸਤੇ ਐਤਵਾਰ, 14 ਅਪ੍ਰੈਲ ਨੂੰ ਹਫਤਾਵਰੀ ਦਿਵਾਨ ਸਜਾਏ ਗਏ ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।





**ਗੁਰੂਘਰ ਦੇ ਆਉਣ ਵਾਲੇ ਸਮਾਗਮ:**

ਸਟੇਜ਼ ਸਕੱਤਰ ਸ੍ਰੀ ਬਲਜੀਤ ਸਿੰਘ ਨੇ ਗੁਰੂਘਰ ਦੇ ਅਗਲੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 19, 20 ਅਤੇ 21 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਸ਼੍ਰੀ ਅਖੰਡ ਪਾਠ ਸਾਹਿਬ ਰੱਖੇ ਜਾ ਰਹੇ ਹਨ, ਜਿਨ੍ਹਾਂ ਦੀ ਸੇਵਾ ਸਮੂੰਹ ਸੰਗਤਾਂ ਵਲੋਂ ਬੜੇ ਪਿਆਰ ਅਤੇ ਸ਼ਰਧਾ ਨਾਲ ਹੋ ਰਹੀ ਹੈ। ਸ਼ੁੱਕਰਵਾਰ 19 ਅਪ੍ਰੈਲ ਨੂੰ ਸਵੇਰੇ ਸ਼੍ਰੀ ਅਖੰਡ ਸਾਹਿਬ ਆਰੰਭ ਹੋਣਗੇ ਅਤੇ ਐਤਵਾਰ 21 ਅਪ੍ਰੈਲ ਨੂੰ ਸਵੇਰ ਦੇ ਦਿਵਾਨਾਂ ਵਿੱਚ ਧੁਰ ਕੀ ਬਾਣੀ ਦੇ ਭੋਗ ਪਏ ਜਾਣਗੇ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦਿਵਾਨ ਸਜਾਏ ਜਾਣਗੇ। ਇਸ ਸ਼ੁੱਭ ਮੌਕੇ ਤੇ ਬੱਚਿਆਂ ਵਲੋਂ ਵੀ ਗੁਰਬਾਣੀ ਸ਼ਬਦ ਕੀਰਤਨ ਦਿਵਾਨ ਸਜਾਏ ਜਾਣਗੇ। ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁ-ਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਇਸ ਤੋਂ ਅਗਲੇ ਹਫ਼ਤੇ 28 ਅਪ੍ਰੈਲ ਨੂੰ ਐਤਵਾਰ ਸਵੇਰ ਦੇ ਦਿਵਾਨਾਂ ਵਿੱਚ ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਪੁਰਬ ਗੁਰੂਘਰ ਦੀ ਸਮੂੰਹ ਸਾਧਸੰਗਤਿ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਜੱਥੇ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਨਗੇ ਅਤੇ ਬਾਬਾ ਸਾਹਿਬ ਦੇ ਜੀਵਨ ਅਤੇ ਇਤਿਹਾਸ ਬਾਰੇ ਵਿਚਾਰ ਚਰਚਾ ਹੋਵੇਗੀ।

ਆਪ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਸਾਹਿਤ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂਘਰ ਦੀਆਂ ਨਵੀਆਂ ਇਮਾਰਤਾ ਦੀ ਉਸਾਰੀ ਵਿੱਚ ਵੱਖ ਵੱਖ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ ਜੀ:

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street
Rio Linda, CA-95673
ਗੁਰੂਘਰ ਫ਼ੋਨ (916) 992-1710
ਸ਼੍ਰੀ ਰਾਜ ਬੱਧਣ ਜੀ (916) 601-3842
ਸ਼੍ਰੀ ਤੇਜਪਾਲ ਵਿਰਕ ਜੀ (916) 912-5678
ਸ਼੍ਰੀ ਇੰਦਰਜੀਤ ਪੜਵੱਗਾ ਜੀ (916) 276-2538

# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 25 ਵੇ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ

**ਫਰਿਜ਼ਨੋ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਕੈਲੀ-ਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ" ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 25 ਵਾਂ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਨਾਲ ਵਿਸ਼ੇਸ਼ ਸਮਾਗਮ ਹੋਏ। ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੌਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਦੌਰਾਨ ਸਥਾਨਕ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾ ਰਾਹੀ ਅਮੈਰੀਕਨ ਲੋਕਾਂ ਨਾਲ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ ਕੀਰਤਨ ਵੱਖ ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ।



ਗੁਰੂਘਰ ਅੰਦਰ ਦੁਨੀਆ ਭਰ ਵਿੱਚ ਸੇਵਾਵਾ ਕਰਕੇ ਪਹਿਚਾਣ ਬਣਾ ਚੁੱਕੇ 'ਖਾਲਸਾ ਏਡ' ਵਾਲਿਆ ਦਾ ਬੂਥ ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਵਸਤਾ ਅਤੇ ਰਸਤਾ ਦੀਆਂ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। । ਇਸ ਤੋਂ ਇਲਾਵਾਂ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਬਾਬਾ ਸਾਹਿਬ ਡਾ.ਅੰਬੇਡਕਰ ਜੀ ਦਾ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ















**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜੈਅੰਤੀ ਮਿਤੀ 12, 13, 14 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਈ ਗਈ, ਜਿਸ ਵਿਚ 12 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਬਿ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 14 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗਿਆਨੀ ਗੁਰਦੇਵ ਸਿੰਘ ਜੀ ਨੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ) ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਬਾਬਾ ਸਾਹਿਬ ਜੀ ਦੀਆਂ ਸਿੱਖਿਆਵਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਤੋਂ ਸ੍ਰੀ ਮਹਿੰਦਰ ਸਿੰਘ ਧਾਮੀ, ਸ੍ਰੀ ਕੇਵਲ ਬੋਲੀਨਾ ਉਚੇਚੇ ਤੌਰ ਤੇ ਇਸ ਸਮਾਗਮ ਵਿਚ ਪਹੁੰਚੇ, ਜਿਹਨਾਂ ਨੇ ਬਾਬਾ ਸਾਹਿਬ ਜੀ ਦੇ ਆਦਰਸ਼ ਜੀਵਨ, ਪਵਾਪਤੀਆਂ ਤੇ ਆਪਣੇ ਵਿਚਾਰ ਰੱਖੇ।

ਗੁਰੂ ਘਰ ਦੀ ਪ੍ਰਬੰਧ ਕਮੇਟੀ ਵੱਲੋ ਸ੍ਰੀ ਕੇਵਲ ਬੋਲੀਨਾ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

---------

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜਲਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਜਲੰਧਰ–** ਅੱਜ ਸਾਡੇ ਦੇਸ਼ ਦੇ ਲੋਕ ਮੌਜੂਦਾ ਹਾਕਮਾਂ ਵੱਲੋਂ ਅੰਗਰੇਜ਼ ਹਾਕਮਾਂ ਨਾਲੋਂ ਵੀ ਵੱਧ ਫਾਸ਼ੀਵਾਦੀ ਘਿਨੌਣੇ ਹੱਲੇ ਦਾ ਸ਼ਿਕਾਰ ਹੋ ਰਹੇ ਹਨ। ਮੌਜੂਦਾ ਹਾਕਮਾਂ ਵੱਲੋਂ ਲੋਕਾਂ ਦੇ ਸੰਘਰਸ਼ਾਂ ਨੂੰ ਜਬਰੀ ਲਾਠੀਆਂ, ਗੋਲੀਆਂ ਨਾਲ ਕੁਚਲਿਆ ਜਾ ਰਿਹਾ ਹੈ। ਇਸ ਹੱਲੇ ਨੂੰ ਠੱਲ੍ਹ ਪਾਉਣ ਲਈ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਹੋਰ ਵੀ ਤਿੱਖੇ ਸੰਘਰਸ਼ਾਂ ਦੀ ਲੋੜ ਹੈ। ਇਹ ਵਿਚਾਰ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜੱਲ੍ਹਿਆਂ ਵਾਲਾ ਬਾਗ ਵਿਚ 100 ਸਾਲ ਪਹਿਲਾਂ ਖ਼ੂਨੀ ਕਾਂਡ ਵਿਚ ਸ਼ਹੀਦ ਹੋਏ ਦੇਸ਼ ਭਗਤਾਂ ਦੀ ਯਾਦ ਵਿਚ ਰੱਖੇ ਸ਼ਰਧਾਂਜਲੀ ਸਮਾਰੋਹ ਵਿਚ ਉੱਭਰ ਕੇ ਸਾਹਮਣੇ ਆਏ। ਸਮਾਗਮ ਦੀ ਪ੍ਰਧਾਨਗੀ ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ ਅਤੇ ਇਤਿਹਾਸ ਸਬ ਕਮੇਟੀ ਦੇ ਕਨਵੀਨਰ ਕਾਮਰੇਡ ਨੌਨਿਹਾਲ ਸਿੰਘ ਨੇ ਕੀਤੀ।

ਸ਼ਰਧਾਂਜਲੀ ਸਮਾਰੋਹ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਿਆਂ ਬਰਤਾਨਵੀ ਸਰਕਾਰ ਦੀ ਵਹਿਸ਼ੀਆਨਾ ਕਾਰਵਾਈ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਬਰਤਾਨਵੀ ਸਾਮਰਾਜ ਦੀ ਇਸ ਖ਼ੂਨੀ ਕਾਰਵਾਈ ਦੀ ਉਸ ਵਕਤ ਦੁਨੀਆ ਭਰ ਦੇ ਮਾਨਵਵਾਦੀ ਲੋਕਾਂ ਤੇ ਵਿਚਾਰਵਾਨਾਂ ਨੇ ਅੰਗਰੇਜ਼ ਸਰਕਾਰ ਨੂੰ ਲਾਹਣਤਾਂ ਪਾਉਂਦਿਆਂ। ਰਤਾਨਵੀ ਸਾਮਰਾਜ ਨੂੰ ਮਨੁੱਖੀ ਇਤਿਹਾਸ ਦਾ ਮਹਾਂ ਕਲੰਕ ਦੱਸਿਆ। ਕਮੇਟੀ ਦੇ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਢੱਡਾ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿਚ ਵੀ ਹਾਕਮਾਂ ਦੇ ਰੰਗ ਹੀ ਬਦਲੇ ਹਨ। ਸਾਡੇ ਦੇਸੀ ਹਾਕਮ ਵੀ ਬਰਤਾਨਵੀ ਹਾਕਮ ਵਰਗੇ ਹੀ ਬੇਕਿਰਕ ਤੇ ਲੋਕ ਵਿਰੋਧੀ ਹਨ। ਉਨ੍ਹਾਂ ਨੌਜੁਆਨ ਪੀੜ੍ਹੀ ਨੂੰ ਇਸ ਵਿਵਸਥਾ ਦੇ ਖਿਲਾਫ ਸੰਘਰਸ਼ਸ਼ੀਲ ਹੋਣ ਦੀ ਅਪੀਲ ਕੀਤੀ। ਤਰਕਸ਼ੀਲ ਆਗੂ ਨਸੀਬ ਚੰਦ ਅਤੇ ਆਈ. ਡਬਲਿਯੂ. ਏ. ਗ੍ਰੇਟ ਬ੍ਰਿਟੇਨ ਦੇ ਸਾਥੀ ਤਾਰਾ ਸਿੰਘ ਤਾਰਾ ਨੇ ਸ਼ਹੀਦਾਂ ਨੂੰ ਕਾਵਿਕ ਪੜ੍ਹਕੇ ਸ਼ਰਧਾਂਜਲੀ ਭੇਂਟ ਕੀਤੀ। ਲਵਲੀ ਯੂਨੀਵਰਸਿਟੀ ਵਿਚ ਪੜ੍ਹਦੇ ਆਂਧਰਾ ਪ੍ਰਦੇਸ਼ ਤੋਂ ਆਏ ਵਿਦਿਆਰਥੀ ਸ਼ਾਂਤ ਨੇ ਵੀ ਆਜ਼ਾਦੀ ਸੰਗਰਾਮ ਵਿਚ ਕੁਰਬਾਨੀਆਂ ਭਰੇ ਦੇਸ਼ ਭਗਤਾਂ ਨੂੰ ਆਪਣਾ ਸਤਿਕਾਰ ਭੇਂਟ ਕੀਤਾ। ਸਮਾਗਮ ਦੇ ਅਖ਼ੀਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਆਜ਼ਾਦੀ ਸੰਗਰਾਮ ਦੇ ਲਹੂ ਭਿੱਜੇ ਇਤਿਹਾਸ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਸ਼ਰਧਾਂਜਲੀ ਸਮਾਰੋਹ ਵਿਚ ਕਮੇਟੀ ਮੈਂਬਰ ਕਾਮਰੇਡ ਸੀਤਲ ਸਿੰਘ ਸੰਘਾ, ਨਵਾਂ ਜ਼ਮਾਨਾ ਤੋਂ ਕਾਮਰੇਡ ਮਨੋਹਰ ਲਾਲ, ਸਾਹਿਤ ਸਭਾ ਜਲੰਧਰ ਦੇ ਪ੍ਰਧਾਨ ਪ੍ਰੋਫੈਸਰ ਗੋਪਾਲ ਸਿੰਘ ਬੁੱਟਰ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਜਸਵਿੰਦਰ ਸਿੰਘ ਭੋਗਲ, ਉੱਘੇ ਲੇਖਕ ਵਿਜੇ ਬੰਬੇਲੀ, ਲਵਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਟੋਲੀ, ਤਰਕਸ਼ੀਲ ਸੁਸਾਇਟੀ ਜਲੰਧਰ ਯੂਨਿਟ ਦੇ ਆਗੂ ਪਰਮਜੀਤ ਸਿੰਘ ਖੁਰਲਾ ਕਿੰਗਰਾ, ਬੇਟੀ ਕਿਰਨ, ਪੰਜ ਆਬ ਦੇ ਸੰਚਾਲਕ ਕੇਸਰ, ਇਲੈਕਟ੍ਰੀਸ਼ਨ ਕੁਲਵੰਤ ਕਾਕਾ ਤੋਂ ਇਲਾਵਾ ਫਤਿਹਗੜ੍ਹ ਯੂਨੀਵਰਸਿਟੀ ਤੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਉਚੇਚੇ ਤੌਰ 'ਤੇ ਇਤਿਹਾਸ ਸੰਬੰਧੀ ਖੋਜ ਕਰਨ ਪੁੱਜੀਆਂ ਵਿਦਿਆਰਥਣਾਂ, ਮਨਜੀਤ ਕੌਰ, ਅਮਨਦੀਪ ਤੇ ਅਮਨਜੋਤ, ਲਾਇਬ੍ਰੇਰੀ ਰੋਜ਼ਾਨਾ ਆਈ.ਏ.ਐਸ.,ਪੀ.ਸੀ.ਐਸ., ਬੈਕਿੰਗ, ਅਕਾਊਂਟਸ ਆਦਿ ਦੀ ਤਿਆਰੀ ਕਰਦੇ ਵਿਦਿਆਰਥੀ/ਵਿਦਿਆਰਥਣਾਂ ਵੱਡੀ ਗਿਣਤੀ ਵਿਚ ਸ਼ਾਮਲ ਹੋਏ।



# ਪੰਜਾਬ ਬੁਧਿੱਸਟ ਸੁਸਾਇਟੀ ਵੱਲੋਂ ਬਾਬਾ ਸਾਹਿਬ ਡਾ.ਅੰਬੇਡਕਰ ਦਾ 128ਵਾਂ ਜਨਮ ਦਿਨ ਮਨਾਇਆ

**ਲੁਧਿਆਣਾ–** ਪੰਜਾਬੀ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 128ਵਾਂ ਜਨਮ ਦਿਨ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾ-ਦੀਆਂ ਲੁਧਿਆਣਾ ਵਿਖੇ ਮਨ-ਾਇਆ ਗਿਆ। ਸਮਾਗਮ ਦਾ ਸ਼ੁਭ ਆਰੰਭ ਭਿਖਸ਼ੂ ਸੰਘ ਨੇ ਬੁੱਧ ਵੇਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹ ਕੇ ਕੀਤਾ। ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਮਰਾਟ ਅਸ਼ੋਕ ਤੋਂ ਬਾਅਦ ਲੱਖਾਂ





ਸ਼ਰਧਾਲੂਆਂ ਸਮੇਤ ਬੁੱਧ ਧੰਮ ਗ੍ਰਹਿਣ ਕੀਤਾ ਅਤੇ ਭਾਰਤ ਨੂੰ ਬੁੱਧਮਈ ਭਾਰਤ ਬਣਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਗਰੀਬਾਂ ਅਤੇ ਦਲਿਤਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਪੜ੍ਹਾਓ ਅਤੇ ਉਚੀ ਤੋਂ ਉਚੀ ਵਿੱਦਿਆ ਦਿਲਵਾਓ, ਭਾਵੇਂ ਸਾਨੂੰ ਭੁੱਖੇ ਰਹਿਣਾ ਪੈ ਜਾਵੇ ਜਾਂ ਘੱਟ ਰੋਟੀ ਮਿਲੇ ਪਰ ਸਿੱਖਿਆ ਜ਼ਰੂਰ ਹਾਸਲ ਕਰੋ। ਉਹਨਾਂ ਕਿਹਾ ਕਿ ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਇਕੱਠੇ ਹੋ ਕੇ ਸਮਾਜ ਉਥਾਨ ਵਿਚ ਜੁਟ ਜਾਓ। ਇਸ ਮੌਕੇ ਸ੍ਰੀ ਦੇਸ ਰਾਜ ਚੌਹਾਨ, ਰਾਮ ਦਾਸ ਗੁਰੂ, ਵਿਜੇਂਦਰ ਸਿੰਘ, ਰਜਿੰਦਰ ਕੁਮਾਰ ਗੌਤਮ, ਮਨੋਜ ਕੁਮਾਰ, ਗੁਰਮੀਤ ਸਿੰਘ, ਸੰਜੇ ਕੁਮਾਰ ਰਾਓ ਅਤੇ ਵਿਨੋਦ ਗੌਤਮ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਵਿਚ ਲੰਗਰ ਚਲਾਇਆ ਗਿਆ।


# SRI GURU RAVIDASS SABHA PITTSBURG (CA)

2150 CRESTVIEW DRIVE, Pittsburg CA 94565 Tel: (925) 439-2355

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

Guru Piari Sadh Sangat Ji,

Devoted families are requesting entire Sangat to attend the following functions:

April 21, 2019

Sukhmani Sahib Path and Langar Sewa ***

April 22, 2019 Wedding

April 28, 2019

Sukhmani Sahib Path and Langar ***

May 19, 2019

Sukhmani Sahib Path Langar Sewa by Bhai Joginder Singh and Bibi Gurmeet Kaur

Sri Sukhmani Sahib Path and Langar Sewa will be hosted by Bhai Joginder Singh ji (Delhi Wale), Bibi Gurmeet Kaur and family in the loving memory of their parents. May Waheguru keep HIS blessing on the family.

"NANAK NAM CHARDI KALA TERE BHANE SARBAT DA BHALA"

Please visit Gurughar website for information: WWW.SriGuruRavidassTemple.com

NOTE: Sewa is available for the dates with ***.

Please contact General Secretary at 209.834.4641 for more information.

Sangat Sewadars

Chairman
Ramesh Suman
925-366-3618

General Secretary
Dilbag Singh
209-834-4641

President
Kashmiri Bhatia
408-460-0262

Treasurer
Narinder Chahal
209- 627-7974


# ਪ੍ਰਮੁੱਖ ਪੰਜਾਬੀ ਲੇਖਕ ਪ੍ਰੋ.ਕਿਰਪਾਲ ਸਿੰਘ ਕਸੇਲ ਦਾ ਦੇਹਾਂਤ

**ਲੁਧਿਆਣਾ–** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਬਾਨੀਆਂ ਵਿਚੋਂ ਪ੍ਰਮੁੱਖ ਵਿਦਵਾਨ ਅਤੇ ਐਮ. ਏ. ਪੰਜਾਬੀ ਪਹਿਲੇ ਪੂਰ 'ਚ ਕਰਨ ਵਾਲੇ ਪ੍ਰਬੁੱਧ ਵਿਦਵਾਨ ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਪਟਿਆਲਾ ਵਿਖੇ ਦੇਹਾਂਤ ਹੋ ਗਿਆ ਹੈ। 19 ਮਾਰਚ 1928 ਦੇ ਜੰਮਪਲ ਪ੍ਰੋ. ਕਸੇਲ ਪੰਜਾਬੀ ਲੇਖਕਾਂ ਲਈ ਉਤਸ਼ਾਹ ਦੇ ਭਰਪੂਰ ਸੋਮੇ ਸਨ। ਨੇਤਰਜੋਤ ਖਤਮ ਹੋਣ ਤੋਂ ਬਾਅਦ ਉਹਨਾਂ ਦਿਲ ਨਹੀਂ ਛੱਡਿਆ ਸਗੋਂ 50 ਤੋਂ ਵੱਧ ਪੁਸਤਕਾਂ ਤੇ ਖੋਜ ਗ੍ਰੰਥਾਂ ਦੀ ਸਿਰਜਣਾ ਕੀਤੀ। ਨਾਮਧਾਰੀ ਇਤਿਹਾਸ ਨੂੰ ਵੀ ਲਾਸਾਨੀ ਅੰਦਾਜ਼ ਵਿਚ ਲਿਖਣ ਦੇ ਨਾਲ ਨਾਲ ਉਹਨਾਂ ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਵਿਚ ਕੀਤੀ ਸਾਹਿਤ ਸਿਰਜਣਾ ਨੂੰ ਅਨੁਵਾਦ ਤੇ ਸੰਪਾਦਨ ਕਰਕੇ ਛਪਵਾਇਆ।



ਉਘੇ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਦੇ ਉਹ ਪੱਗ ਵੱਟ ਭਰਾ ਬਣੇ ਹੋਏ ਸਨ। ਯਮਲਾ ਜੀ ਦੇ ਗੀਤਾਂ ਦੇ ਦੋ ਸੰਗ੍ਰਹਿ ਤੂੰਬੀ ਦੀ ਤਾਰ ਤੇ ਤੂੰਬੀ ਦੀ ਪੁਕਾਰ ਦਾ ਸੰਪਾਦਨ ਵੀ ਕਸੇਲ ਸਾਹਿਬ ਨੇ ਹੀ ਕੀਤਾ ਸੀ। ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ ਤੋਂ ਇਲਾਵਾ ਅਨੇਕਾਂ ਹੋਰ ਸਾਹਿਤ ਇਤਿਹਾਸ ਪੁਸਤਕਾਂ ਲਿਖਣ ਵਾਲੇ ਪ੍ਰੋ. ਕਸੇਲ ਪਿੰਡ ਕਸੇਲ (ਅੰਮ੍ਰਿਤਸਰ) ਦੇ ਜੰਮਪਲ ਸਨ ਅਤੇ ਖਾਲਸਾ ਕਾਲਜ ਅੰਮ੍ਰਿਤਸਰ 'ਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੇ ਵਿਦਿਆਰਥੀ ਰਹੇ। ਡਾ. ਸਤਿੰਦਰ ਸਿੰਘ ਨੰਦਾ ਨੇ ਉਹਨਾਂ ਬਾਰੇ ਅਭਿਨੰਦਨ ਗ੍ਰੰਥ ਵੀ ਸੰਪਾਦਿਕ ਕੀਤਾ ਸੀ। ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਗਿੱਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ, ਡਾ. ਗੁਰਇਕਬਾਲ ਸਿੰਘ, ਤਰਲੋਚਨ ਲੋਚੀ, ਸਹਿਜਪ੍ਰੀਤ ਸਿੰਘ ਮਾਂਗਟ, ਮਨਜਿੰਦਰ ਧਨੋਆ, ਡਾ. ਸੁਰਜੀਤ ਸਿੰਘ ਜਨਰਲ ਸਕੱਤਰ ਤੇ ਡਾ. ਜਗਵਿੰਦਰ ਜੋਧਾ ਨੇ ਵੀ ਪ੍ਰੋ. ਕਸੇਲ ਦੇ ਦੇਹਾਂ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ।

# ਗ਼ਦਰ ਪਾਰਟੀ ਦਾ 106ਵਾਂ ਸਥਾਪਨਾ ਦਿਹਾੜਾ 21 ਨੂੰ

**ਜਲੰਧਰ–** ਸਾਡੇ ਮੁਲਕ ਦੀ ਆਜ਼ਾਦੀ ਲਹਿਰ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਵਾਲੀ, 21 ਅਪ੍ਰੈਲ 1913 ਨੂੰ ਅਮਰੀਕਾ ਦੀ ਧਰਤੀ 'ਤੇ ਭਾਰਤੀ ਲੋਕਾਂ ਵੱਲੋਂ ਇਕਜੁੱਟ ਹੋ ਕੇ ਬਣਾਈ ਗ਼ਦਰ ਪਾਰਟੀ ਦੇ 106ਵੇਂ ਸਥਾਪਨਾ ਦਿਹਾੜੇ ਮੌਕੇ 21 ਅਪ੍ਰੈਲ, ਐਤਵਾਰ, ਦਿਨੇ 11 ਵਜੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ (ਸਥਾਨਕ ਦੇਸ਼ ਭਗਤ ਯਾਦਗਾਰ ਹਾਲ) 'ਚ ਪ੍ਰਭਾਵਸ਼ਾਲੀ ਸਮਾਗਮ ਕੀਤਾ ਜਾਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਮੇਟੀ ਦੀ ਜਨਰਲ ਬਾਡੀ ਮੀਟਿੰਗ 'ਚ ਲਏ ਫੈਸਲਿਆਂ ਦੀ ਰੌਸ਼ਨੀ 'ਚ ਇਸ ਸਮਾਗਮ ਮੌਕੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਕਰਨਗੇ।

ਇਹ ਸਮਾਗਮ ਇਸ ਵਰ੍ਹੇ ਜਲ੍ਹਿਆਂਵਾਲਾ ਬਾਗ਼ ਸਾਕੇ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇ ਨਜ਼ਰ ਸਮਾਗਮ 'ਚ "ਜਲ੍ਹਿਆਂਵਾਲਾ ਬਾਗ਼ ਸਾਕੇ ਦਾ ਅਜੋਕੇ ਸਮੇਂ ਇਤਿਹਾਸਕ ਮਹੱਤਵ" ਵਿਸ਼ੇ ਉਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਅਤੇ ਮੁਖੀ, ਇਤਿਹਾਸ ਵਿਭਾਗ, ਡਾਇਰੈਕਟਰ ਭਾਈ ਵੀਰ ਸਿੰਘ ਸਦਨ ਅੰਮ੍ਰਿਤਸਰ, ਸਾਬਕਾ ਪ੍ਰੋ. ਨਾਮਧਾਰੀ ਚੇਅਰ, ਡਾ. ਜੋਗਿੰਦਰ ਸਿੰਘ ਮੁੱਖ ਵਕਤਾ ਹੋਣਗੇ।

ਕਮੇਟੀ ਨੇ ਗ਼ਦਰੀ ਦੇਸ਼ ਭਗਤਾਂ ਦੀਆਂ ਵਾਰਸ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਸਮਾਗਮ 'ਚ ਸ਼ਾਮਲ ਹੋਣ ਅਤੇ ਹਰ ਪੱਖੋਂ ਸਹਿਯੋਗ ਲਈ ਜ਼ੋਰਦਾਰ ਅਪੀਲ ਕੀਤੀ ਹੈ।

ਦੇਸ਼ ਦੁਆਬਾ

# ਬੈਸਾਖ ਸੁਹਾਵਾ ਤਾ ਲਗੈ...

ਵਿਸਾਖ ਮਹੀਨਾ ਬਿਕਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਅਤੇ ਈਸਵੀਂ ਸੰਨ ਦਾ ਚੌਥਾ ਮਹੀਨਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਨੂੰ ਮਹੀਨੇ ਨੂੰ ਇਵੇਂ ਚਿਤਰਿਆ ਹੈ ਨਾਨਕ ਕੀ ਪ੍ਰਭ ਬੇਨਤੀ ਪ੍ਰਭੁ ਮਿਲਿਉ ਪ੍ਰਾਪਤ ਤੋਈ ਹੋਇ, ਬੈਸਾਖ ਸੁਹਾਵਾ ਤਾ ਲਗੈ ਜਾ ਸੰਤ ਭੇਟੇ ਹਰਿ ਸੋਏ।

ਵਿਸਾਖ ਦਾ ਮਹੀਨਾ ਕੁਦਰਤ ਦੀ ਮਿਹਰ ਨਾਲ ਕਿਰਤੀ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਸਾਂਝੀ ਮਿਹਨਤ ਨੂੰ ਫਲ ਦੇਵਣ, ਪੱਕਣ ਅਤੇ ਘਰ ਲਿਆ ਕੇ ਬਚਦੀ ਮੰਡੀਆਂ ਵਿੱਚ ਵੇਚਣ ਦਾ ਮਹੀਨਾ ਹੁੰਦਾ ਹੈ। ਭਾਰਤੀ ਉੱਪ ਮਹਾਂਦੀਪ ਦੇ ਕਿਰਤੀਆਂ ਕਿਸਾਨਾਂ ਦੇ ਆਰਥਿਕ ਅਤੇ ਸਾਮਾਜਿਕ ਏਕਤਾ ਦੀ ਪ੍ਰੀਖਿਆ ਦੇ ਨਤੀਜੇ ਸੁਣਨ ਦਾ ਮਹੀਨਾ ਹੁੰਦਾ ਹੈ। ਵਿਦਿਆਰਥੀਆਂ ਦੇ ਪੇਪਰ ਦੇ ਨਤੀਜਿਆਂ ਦੀਆਂ ਉਡੀਕਾਂ ਜਾਂ ਕਾਲਜਾਂ, ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦਾ ਮਹੀਨਾ ਹੁੰਦਾ ਹੈ। ਅਪ੍ਰੈਲ ਦਾ ਦੂਸਰਾ ਅਤੇ ਮਈ ਦਾ ਪਹਿਲਾ ਅੱਧ ਮਿਲ ਕੇ ਵਿਸਾਖ ਬਣਦਾ ਹੈ। ਵਿਸਾਖੀ ਮਹੀਨੇ ਦੀ ਆਮਦ ਦੀ ਪਹਿਲੀ ਤਰੀਕ ਦੇ ਤਿਉਹਾਰ ਦਾ ਨਾਂ ਹੈ ਜੋ ਸਿੰਧੂ ਘਾਟੀ ਸੱਭਿਅਤਾ ਤੋਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਮਨਾਉਂਦੇ ਆ ਰਹੇ ਹਾਂ। ਚਾਹੇ ਇਸਲਾਮ ਵਿੱਚ ਵਿਸਾਖੀ ਦੇ ਤਿਉਹਾਰ ਦਾ ਕੋਈ ਮਹੱਤਵ ਨਹੀਂ ਹੈ, ਪਰ ਪਾਕਿਸਤਾਨ ਦੇ ਮੁਸਲਮਾਨ ਅਜੇ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜੋ ਸਿੰਧੂ ਘਾਟੀ ਸੱਭਿਅਤਾ ਦਾ ਪ੍ਰਭਾਵ ਦਰਸਾਉਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਅਮਰੀਕਾ ਵਿੱਚ ਅਬਰਾਹਮਲਿੰਕਨ ਰਾਸ਼ਟਰਪਤੀ ਨੇ 1863 ਈ. ਵਿੱਚ ਕੌਮੀ ਤਿਉਹਾਰ ਦੀ ਮਾਨਤਾ ਦਿੱਤੀ।

ਅਮਰੀਕਾ ਵਿੱਚ ਫਸਲ ਦੀ ਵਾਢੀ ਤੋਂ ਬਾਅਦ 1625 ਈ. ਤੋਂ ਇਹ ਤਿਉਹਾਰ ਸ਼ੁਰੂ ਹੋਇਆ ਅਤੇ ਨਵੰਬਰ ਦੇ ਚੌਥੇ ਵੀਰਵਾਰ ਛੁੱਟੀ ਹੁੰਦੀ ਹੈ। ਸਿੰਧੂ ਘਾਟੀ ਸੱਭਿਅਤਾ ਵਾਂਗ ਚੀਨ, ਮਿਸਰ, ਯੂਨਾਨ ਅਤੇ ਰੋਮਨ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚ ਵੀ ਫਸਲਾਂ ਦੀ ਵਾਢੀ ਸਮੇਂ ਇਹ ਤਿਉਹਾਰ ਮਨਾਉਣ ਦੀ ਰੀਤ ਸੀ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਨਾਵਾਂ ਅਧੀਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੱਖਣੀ ਭਾਰਤ ਦੀ ਕੇਰਲ ਪ੍ਰਾਂਤ ਵਿੱਚ 'ਪੂਰਮ' ਤਾਮਿਲਨਾਡੂ ਪ੍ਰਾਂਤ ਵਿੱਚ ਵਿਸਾਖ ਮਹੀਨੇ ਨੂੰ 'ਵਿਸ਼ੂ' ਕਿਹਾ ਜਾਂਦਾ ਹੈ ਅਤੇ ਤਿਉਹਾਰ ਨੂੰ 'ਪੁਥਾਂਡੂ' ਅਤੇ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਵਿਸਾਖੀ ਤਿਉਹਾਰ ਮਨਾਉਂਦੇ ਹਨ। ਭਾਰਤ ਦੇ ਆਸਾਮ ਅਤੇ ਨਾਲ ਲੱਗਦੇ ਸੱਤ ਪੂਰਬੀ ਰਾਜਾਂ ਵਿੱਚ ਵੀ ਰੰਗਲੀ 'ਬਿਹੂ' ਆਦਿ ਦੇ ਨਾਂ ਤੇ ਮਨਾਇਆ ਜਾਂਦਾ ਹੈ। ਹਰਿਦੁਆਰ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਵਿਸਾਖੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਆਦਿ ਧਰਮੀ ਵੀ ਹਰ ਸਾਲ ਗੁਰੂ ਰਵਿਦਾਸ ਧਰਮ ਸਥਾਨ, ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਮਨਾਉਂਦੇ ਹਨ। ਇਹ ਤਾਂ ਹੋਈ ਵਿਸਾਖੀ ਦੇ ਆਰਥਿਕ ਅਤੇ ਸਾਮਾਜਿਕ ਪਿਛੋਕੜ ਬਾਰੇ ਸਿੱਖ ਧਰਮ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਦਾ ਤਿਉਹਾਰ ਮਨਾਉਂਦਾ ਆ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਮਨਾਉਣ ਤੋਂ ਮਹੰਤਾਂ ਨੇ ਰੋਕਣ, ਉਨ੍ਹਾਂ ਦੇ ਗੁਰੂ ਬਣਨ ਦੀ ਰੁਕਾਵਟ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਵੱਲੋਂ ਅਸਫਲ ਕਰਨਾ, ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਇਕ ਦਲਿਤ ਭਾਈ ਜੈਤਾ ਵੱਲੋਂ ਸੀਸ ਤਲੀ ਤੇ ਧਰ ਕੇ ਦਿੱਲੀ ਤੋਂ ਆਨੰਦਪੁਰ ਪਹੁੰਚਾਉਣਾ ਅਤੇ ਇੱਕ ਹੋਰ ਦਲਿਤ ਭਾਈ ਲੱਖੀਸ਼ਾਹ ਵਣਜਾਰਾ ਲੁਬਾਣਾ ਵੱਲੋਂ ਆਪਣੇ ਘਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰੱਖ ਕੇ ਘਰ ਨੂੰ ਅਗਨ ਭੇਂਟ ਕਰਕੇ ਅੰਤਿਮ ਸੰਸਕਾਰ ਕਰਨਾ ਵਰਗੇ ਦਲੇਰਾਨਾ ਕਾਰਵਾਈਆਂ ਅਤੇ ਗੁਰੂ ਗਰੰਥ ਸਾਹਿਬ ਵਿੱਚ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਜਿਹੇ ਦਲਿਤ ਗੁਰਬਾਣੀਕਾਰ ਸੰਤ ਕਬੀਰ ਸਾਹਿਬ ਦੇ ਸ਼ਬਦਾਂ, ਗੁਰੂ ਹਰਗੋਬਿੰਦ ਰਾਇ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਮੰਥਨ ਵਿੱਚੋਂ 30 ਮਾਰਚ 1696 ਈ. ਨੂੰ 33 ਸਾਲਾ ਦੀ ਉਮਰ ਦੌਰਾਨ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਤਿਉਹਾਰ ਤੇ ਮਨੂੰਵਾਦੀ ਸਾਮਾਜਿਕ ਆਰਥਿਕ ਵਿਵਸਥਾ ਅਤੇ ਪੰਡਤ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਲਤਨਤ ਨੂੰ ਸੰਤ ਸਿਪਾਹੀ ਬਣਕੇ ਸ਼ੂਦਰਾਂ ਅਤੇ ਵੈਸ਼ਾਂ ਵਿਚੋਂ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਫਿਰ ਸ਼ੂਦਰਾਂ ਅਤੇ ਵੈਸ਼ਾਂ ਵਿੱਚੋਂ ਸਜੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਜੋ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਉਸ ਸਮੇਂ ਸਥਾਪਿਤ ਜਾਤੀਵਾਦੀ ਅਤੇ ਮਨਮੁਖ ਮਹੰਤਾਂ ਲਈ ਵੀ ਚੈਲਿੰਜ ਸੀ, ਜਿਸ ਨੇ ਭਾਈ ਜੈਤਾ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਅਤੇ ਇਸ਼ਨਾਨ ਦੀ ਇਜਾਜਤ ਨਹੀਂ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਸੀ. ਆਈ. ਡੀ. ਰਿਪੋਰਟ ਵਿੱਚ ਅਹਿਮਦ ਸ਼ਾਹ ਬਟਾਲਵੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੇ ਐਲਾਨਿਆ, ''ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਰਾਹ ਦੇ ਉੱਤੇ ਚੱਲੋਂ, ਇੱਕੋਂ ਧਰਮ ਅਪਣਾਓ, ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿੱਚ ਆਇਆ ਹੈ, ਜੜੋਂ ਹੀ ਮੁਕਾ ਦਿਓ ਅਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਜਾਂ ਵੱਡਾ ਨਾ ਸਮਝੇ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ, ਸਾਰੇ ਇੱਕੋਂ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਇੱਕ ਦੂਜੇ ਨੂੰ ਪਿਆਰ ਕਰੋ।''

ਇਉਂ ਲਗਦੈ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਡੂੰਘੇ ਅਧਿਐਨ ਬਾਅਦ ਗੀਤਾ ਦੇ ਨੌਵੇਂ ਚੈਪਟਰ ਦੇ 32ਵੀਂ ਸਲੋਕ ਦੇ ਪ੍ਰਤੀਕਰਮ ਅਤੇ ਉਸ ਦੇ ਨਿਸ਼ੇਧ ਲਈ ਖ਼ਾਲਸਾ ਪੰਥ ਨੂੰ ਜੁਝਾਰੂ ਰੂਪ ਵਿੱਚ ਸੰਗਠਿਤ ਕੀਤਾ ਕਿ ਇਸ ਮਨੂੰਵਾਦੀ ਵਿਵਸਥਾ ਨੂੰ ਨਾ ਸੰਤ ਅਤੇ ਨਾ ਸਿਪਾਹੀ ਇਕੱਲੇ-ਇਕੱਲੇ ਖਤਮ ਕਰ ਸਕਦੇ ਹਨ। ਦੋਵਾਂ ਕ੍ਰਿਸ਼ਨ ਅਤੇ ਅਰਜੁਨ ਜਾ ਚਾਣਕਿਆ ਅਤੇ ਚੰਦਰਗੁਪਤ ਮੌਰੀਆ ਦੇ ਸੁਮੇਲਾਂ ਵਾਂਗ ਹੀ ਮਨੂੰਵਾਦੀ ਵਿਵਸਥਾ ਨੂੰ ਵੀ ਮਾਨਵਵਾਦੀ ਖਾਲਸਾ ਸੰਤ ਅਤੇ ਮਾਨਵਵਾਸੀ ਖ਼ਾਲਸਾ ਸਿਪਾਹੀ ਬੋਤਾ ਸਿੰਘ, ਗਰਜਾ ਸਿੰਘ ਵਾਂਗ ਪਿੱਠ ਨਾਲ ਪਿੱਠ ਜੋੜ ਕੇ ਟੱਕਰ ਦੇ ਸਕਦੇ ਹਨ। ਗੀਤਾ ਦੇ ਉਕਤ ਸਲੋਕ ਵਿੱਚ ਕ੍ਰਿਸ਼ਨ ਨੇ ਐਲਾਨਿਆ ਹੈ ਕਿ ਸਾਰੀਆਂ ਜਾਤਾਂ ਵਰਣਾਂ ਧਰਮਾਂ ਦੀਆਂ ਔਰਤਾਂ ਸ਼ੂਦਰ (ਐਸ.ਸੀ., ਪੱਛੜੀਆਂ ਸ਼੍ਰੇਣੀਆਂ, ਜੱਟ ਆਦਿ) ਅਤੇ ਵੈਸ਼ (ਖੱਤਰੀ ਜਿਨ੍ਹਾਂ ਵਿਚੋਂ ਦੱਸ ਗੁਰੂ ਹੋਏ) ਪਾਪ ਯੋਨੀ ਭਾਵ ਜਨਮ ਤੋਂ ਨੀਚ ਹਨ। ਪੰਜ ਪਿਆਰਿਆਂ ਵਿੱਚ ਚਾਰ ਸ਼ੂਦਰ ਅਤੇ ਇਕ ਵੈਸ਼ ਸਨ। ਉਨ੍ਹਾਂ ਕੋਲੋਂ ਅੰਮ੍ਰਿਤ ਛੱਕਣ ਵਾਲੇ ਗੁਰੂ ਗੋਬਿੰਦ ਸਿੰਘ ਵੈਸ਼ ਖੱਤਰੀ ਸਨ ਅਤੇ ਅੰਮ੍ਰਿਤ ਬਨਾਉਣ ਲਈ ਪਤਾਸੇ ਘੋਲਣ ਵਾਲੇ ਮਾਤਾ ਸਾਹਿਬ ਕੌਰ ਔਰਤ ਜਾਤੀ ਦੇ ਪ੍ਰਤੀਨਿਧ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਘੇ ਸਿੱਖ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੱਲੋਂ ਖ਼ਾਲਸੇ ਦੀ ਉਤਪਤੀ ਲਿਖੀ ਛਾਪੀ ਪੁਸਤਕ ਵਿੱਚ ਸ੍ਰੀ ਬੈਨਰਜੀ ਲਿਖਦੇ ਹਨ ਕਿ ਸ਼ੂਦਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਜੁਝਾਰੂਪਣ ਪ੍ਰੇਰਨਾ ਦਿੰਦਾ ਹੈ, ਪਰ ਵੈਸ਼ ਸਿੱਖਾਂ ਨੂੰ ਖਿੱਚਦਾ ਨਹੀਂ। ਇਸੇ ਕਾਰਣ ਵੈਸ਼ ਸਿੱਖਾਂ ਦੀ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਕਦੇ ਵੀ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਕੂਲ ਜਾਂ ਕਾਲਜ ਨਹੀਂ ਖੋਲਿਆ ਅਤੇ ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਦੇ ਸਮੇਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨੇ ਕਦੇ ਸਿੱਖ ਗੁਰੂਆਂ ਦੀਆਂ ਪਤਨੀਆਂ ਦੇ ਨਾਂ ਤੇ ਕਾਲਜ ਨਹੀਂ ਖੋਲ੍ਹੇ। ਜੱਟ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਖੱਤਰੀ ਨੂੰ 'ਜੱਟ ਸਿੱਖ' ਗਰੁੱਪ ਦੇ ਪੱਤੇ ਨਾਲ ਅਕਾਲੀ ਦਲ ਤੋਂ ਲਾਹ ਕੇ ਸਦਾ ਲਈ ਪ੍ਰਧਾਨਗੀ ਜੱਟ ਸਿੱਖ ਲਈ ਰਾਖਵੀਂ ਕਰਕੇ 'ਖ਼ਾਲਸਾ ਪੰਥ' ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰ ਲਿਆ। ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਨੂੰ ਚੈਲਿੰਜ ਕਰਦਿਆਂ ਕਿਹਾ ਸੀ, ''ਖੱਤਰੀ ਕਾ ਪੂਤ ਹੂੰ, ਬਾਮਣ ਕਾ ਨਾਂਹੀਂ।'' ਅੱਜ ਖ਼ਾਲਸਾ ਪੰਥ ਨੂੰ ਰਾਜਸੀ, ਸਾਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬ੍ਰਾਹਮਣਵਾਦ ਨੂੰ ਇਤਿਹਾਸ ਵਿੱਚ ਆਇਆ ਸੱਭ ਤੋਂ ਵੱਡਾ ਖਤਰਾ ਹੈ। ਬ੍ਰਾਹਮਣਵਾਦ ਨੇ 'ਖ਼ਾਲਸਾ ਪੰਥ' ਦੇ ਮਲਿਕ ਭਾਗੋਆ ਨੂੰ ਗੰਢ ਕੇ 'ਭਾਈ ਲਾਲੋਆ' ਦਾ ਸਰਵਪੱਖੀ ਸ਼ੋਸ਼ਣ ਕਰਨ ਦਾ ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਪ੍ਰੋ. ਦਿੱਤ ਰਾਮ ਗਿਆਨੀ ਉਰਫ ਪ੍ਰੋ. ਦਿੱਤ ਸਿੰਘ ਗਿਆਨੀ ਵਰਗਿਆਂ ਕਲਮ ਦੇ ਧਨੀਆਂ ਸੰਤ-ਸਿਪਾਹੀਆਂ ਦੀ ਲੋੜ ਹੈ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਸਮਾਜ ਨੂੰ ਮਹੰਤਵਾਦ ਅਤੇ ਬ੍ਰਾਹਮਣਵਾਦ ਤੋਂ ਬਚਾ ਕੇ 20ਵੀਂ ਸਦੀ ਦੇ ਹਾਣੀ ਬਣਾਇਆ ਸੀ। ਪ੍ਰੋ. ਸਾਹਿਬ ਦਾ ਜਨਮ ਇਸੇ ਮਹੀਨੇ ਦੇ 21 ਅਪ੍ਰੈਲ ਨੂੰ 1850 ਈ. ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਲੌੜ ਵਿੱਚ ਹੋਇਆ ਸੀ। ਉਨ੍ਹਾਂ ਨੂੰ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵੇਦਾਂ ਦੀ ਉਤਪਤੀ ਪੁਨਰ ਜਨਮ ਤੇ ਹਰਾਇਆ। ਵੇਦਾਂ ਵਿੱਚ ਅਗਿਆਨਤਾ ਤੋਂ ਸਿਵਾਏ ਕੁਝ ਵੀ ਨਹੀਂ, ਐਲਾਨਣ ਵਾਲੇ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਪ੍ਰੈਲ ਮਹੀਨੇ ਦੀ 14 ਤਰੀਕ ਨੂੰ ਹੋਇਆ ਸੀ। ਵਿਸਾਖੀ ਵਾਲੇ ਦਿਨ 99ਵੇਂ ਵਰ੍ਹੇ ਪਹਿਲੇ 1913 ਈ. ਨੂੰ ਅਮਰੀਕਾ ਦੀ ਧਰਤੀ ਉੱਪਰ ਪੰਜਾਬੀਆਂ ਨੇ ਭਾਰਤ ਨੂੰ ਅੰਗ੍ਰੇਜ਼ ਸਾਮਰਾਜ ਦੇ ਜੂਲੇ ਤੋਂ ਅਜ਼ਾਦ ਕਰਾਉਣ ਲਈ ਹਥਿਆਰਬੰਦ ਸਿਧਾਂਤਕ ਅੰਦੋਲਨ ਗਦਰ ਪਾਰਟੀ ਦੀ ਨੀਂਹ ਰੱਖੀਂ, ਜਿਸ ਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼ਹੀਦੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਜਮੀਨਾਂ ਜਾਇਦਾਦਾਂ ਜ਼ਬਤ ਕਰਵਾਉਣ ਵਿੱਚ ਗਦਰ ਪਾਰਟੀ ਵਰਗੀ ਪ੍ਰਵਾਸੀ ਅੰਤਰਰਾਸ਼ਟਰੀ ਸੰਸਥਾ ਨਾ ਹੋਈ ਹੈ ਨਾ ਹੋਣੀ ਹੈ। ਅੰਗਰੇਜ਼ਾਂ ਦੀਆਂ ਵਾਰਿਸ ਸਰਕਾਰਾਂ ਨੇ ਗਦਰ ਪਾਰਟੀ ਨੂੰ ਭੁਲਾ ਦਿੱਤਾ ਹੈ। ਗਦਰੀ ਬਾਬਾ ਅਤੇ ਆਦਿ-ਧਰਮੀਆਂ ਦੇ ਰਹਿਨੁੰਮਾ, ਆਦਿ ਧਰਮ ਦੇ ਬਾਨੀ ਦੀਆਂ ਕੁਰਬਾਨੀਆਂ ਨੂੰ ਸਿੱਟ ਬਸਿੱਟੇ ਕਰਕੇ, ਉਨ੍ਹਾਂ ਦਾ ਉਜਾਗਰ ਕਰਨ ਵਾਲਿਆਂ ਨੂੰ ਐਕਸੀਡੈਂਟਾਂ ਵਿੱਚ ਮਰਵਾਇਆ ਅਤੇ ਯੂ.ਪੀ. ਵਿੱਚ ਐਫ਼ ਆਈ ਆਰ ਦਰਜ ਕਰਕੇ ਮਨੁੱਖਤਾ ਹੀਣੇ ਕੰਮ ਕੀਤੇ ਜਾ ਰਹੇ ਹਨ। ਗਦਰੀ ਬਾਬਾ ਅਤੇ ਆਦਿ-ਧਰਮੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਵੀ 22 ਅਪ੍ਰੈਲ 1980 ਈ. ਨੂੰ ਆਉਂਦੀ ਸੀ। 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਕਾਂਡ ਹੋਇਆ ਜਿਸ ਵਿੱਚ ਸੈਂਕੜੇ ਪੰਜਾਬੀ ਜਨਰਲ ਓਡਵਾਇਰ ਅਤੇ ਡਾਇਰ ਦੇ ਹੁਕਮ ਨਾਲ ਸ਼ਹੀਦ ਹੋਏ, ਜਿਸ ਦਾ ਬਦਲਾ ਸ਼ਹੀਦ ਰਾਮ ਮੁਹੰਮਦ ਸਿੰਘ ਅਜ਼ਾਦ ਉਰਫ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਓਡਵਾਇਰ ਨੂੰ ਸ਼ਰੇਆਮ ਗੋਲੀ ਮਾਰ ਕੇ ਭਾਰਤ ਦੀ ਅਜ਼ਾਦੀ ਦੀ ਚਿਣਗ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਘਾਇਆ।

14 ਅਪ੍ਰੈਲ 1984 ਨੂੰ ਪੰਜਾਬੀ ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਵਿਖੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਦਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਸੀ। 1996 ਈ. ਦੀ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੇ ਸਟਾਰ ਨਿਊਜ਼ ਟੀ.ਵੀ. ਚੈਨਲ ਨੂੰ ਇਕ ਮੁਲਾਕਾਤ ਵਿੱਚ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਨਗੇ। ਪੰਜਾਬ ਦੀ ਮੌਜੂਦਾ ਸਰਕਾਰ ਬੀ.ਐਸ.ਪੀ ਦੀ ਸਿੱਧੀ ਅਸਿੱਧੀ ਦੇਣ ਹੈ। ਦੇਖਣਾ ਹੈ ਇਹ ਪੰਥਕ ਸਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਕਿਵੇਂ ਕਿੰਨਾ ਅਤੇ ਕਦੋਂ ਲਾਗੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਖ਼ਾਲਸਾ ਪੰਥ' ਦਾ ਅਕਸ ਕਿੰਨਾ ਕੁ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲਿਸ਼ਕਾਉਂਦੀ ਹੈ। ਵਿਸਾਖੀ ਦੇ ਤਿਉਹਾਰ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਮਾਹੀ ਜਾਂ ਆਪਣੀ ਪਤਨੀ ਦੇ ਦੂਰ ਹੋਣ ਸਮੇਂ ਉੱਠੀ ਹੂਕ ਸਾਂਝੀ ਕਰਨੀ ਚਾਹਾਂਗੇ- ਬੈਸਾਖੀ ਦੇ ਮਹੀਨੇ ਜੀ ਬੈਸਾਖੀ ਆਈ, ਤੂੰ ਪਰਦੇਸੀ ਲਾਲ ਵੇ, ਉਦਾਸੀ ਛਾਈ, ਚੈਨ ਨਾ ਆਵੇ ਮਲ ਜੀ, ਦੇਵੀ ਮਨ, ਬੈਸਾਖ ਬੈਸਾਖੀ ਵੇ ਲਾਲ ਘਰੋ ਰਹੀਂ।

ਅੰਤ ਵਿੱਚ 'ਦੇਸ਼ ਦੁਆਬਾ' ਦੇ ਪਲੇਠੇ ਅੰਕ ਦੀ ਪਲੇਠੀ ਸੰਪਾਦਕੀ ਨੂੰ 8ਵੇਂ ਸਾਲ ਦੇ ਪ੍ਰਵੇਸ਼ ਅੰਕ ਵਿਚ ਆਪ ਸਭ ਦੇ ਹੱਥਾਂ ਵਿਚ ਇਕ ਵਾਰ ਫਿਰ ਤੋਂ ਸੌਂਪਦਿਆਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਜਾਤਾਂ, ਧਰਮਾਂ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲੋਂ ਵਾਂਗ ਦੇਸ਼ ਵਿਦੇਸ਼ ਵਿੱਚ ਵਸੇ ਪੰਜਾਬੀਆਂ ਦੀ ਆਵਾਜ਼ ਨੂੰ ਈਮਾਨਦਾਰੀ ਦੂਰ-ਦ੍ਰਿਸ਼ਟੀ ਅਤੇ ਸੰਜਮ ਨਾਲ ਪੇਸ਼ ਕਰਦੇ ਰਹਾਂਗੇ ਅਤੇ ਆਪ ਜੀ ਤੋਂ ਵੀ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਵੀ ਅਜਿਹੀ ਭਾਵਨਾ ਤਹਿਤ ਸਹਿਯੋਗ ਜਾਰੀ ਰੱਖੋਗੇ।

**- ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖ਼ੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐੱਸਸੀ.ਬੀਸੀ. ਫੈੱਡਰੇਸ਼ਨ ਮਨਾਇਆ ਬਾਬਾ ਸਾਹਿਬ ਦਾ 128ਵਾਂ ਜਨਮ ਦਿਨ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ (ਰਜਿ.) ਨੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਹਿਸੀਲ ਪ੍ਰਧਾਨ ਹੁਸ਼ਿਆਰਪੁਰ ਡਾ. ਜਸਵੰਤ ਰਾਏ ਦੀ ਅਗਵਾਈ ਹੇਠ ਮਿੰਨੀ ਸੈਕਟਰੀਏਟ ਹੁਸ਼ਿਆਰਪੁਰ ਵਿਖੇ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ।ਹੁਸ਼ਿਆਰਪੁਰ ਤਹਿਸੀਲ ਦੇ ਸਮੂਹ ਆਹੁਦੇਦਾਰ ਆਪਣੇ ਪਰਿਵਾਰਾਂ ਸਮੇਤ ਸਵੇਰੇ ਸੱਤ ਵਜੇ ਬਾਬਾ ਸਾਹਿਬ ਦੇ ਬੁੱਤ ਤੇ ਫੁੱਲ ਮਾਲਾ ਅਰਪਣ ਕਰਨ ਪਹੁੰਚੇ।ਬੁਲਾਰਿਆਂ ਨੇ ਸੰਖੇਪ ਵਿਚ ਬਾਬਾ ਸਾਹਿਬ ਦੇ ਜੀਵਨ ਬਾਰੇ ਸੰਵਾਦ ਰਚਾਉਂਦਿਆਂ ਕਿਹਾ ਭਾਰਤ ਦੇ ਇਸ ਸਪੂਤ ਸਦਕਾ ਸਿਰਫ ਦਲਿਤ ਲੋਕਾਂ ਨੂੰ ਹੀ ਮਾਣ ਮੱਤੇ ਹੱਕ ਪ੍ਰਾਪਤ ਨਹੀਂ ਹੋਏ ਸਗੋਂ ਭਾਰਤ ਦੇਸ਼ ਦਾ ਨਾਂ ਵੀ ਪੂਰੀ ਦੁਨੀਆ ਤੇ ਚਮਕਿਆ ਹੈ।ਸੱਚਮੁਚ ਬਾਬਾ ਸਾਹਿਬ ਅੰਤਰਰਾਸ਼ਟਰੀ ਸ਼ਖ਼ਸੀਅਤ ਸਨ। ਇਸ ਮੌਕੇ ਜੈ ਭੀਮ ਦੇ ਜੈਕਾਰਿਆਂ ਨਾਲ ਅਸਮਾਨ ਗੁੰਜਾਉਂਦਿਆਂ ਲੱਡੂ ਵੀ ਵੰਡੇ ਗਏ।ਇਸ ਸਮਾਰੋਹ ਸਮੇਂ ਪ੍ਰਿੰਸੀਪਲ ਸ਼ਿਵ ਸਿੰਘ ਬੰਗੜ, ਜਰਨੈਲ ਸਿੰਘ ਸੀਕਰੀ, ਗੁਲਜਾਰੀ ਲਾਲ, ਪ੍ਰੈੱਸ ਸਕੱਤਰ ਲੈਕ. ਅਮਰਜੀਤ ਸਿੰਘ, ਬਲਦੇਵ ਸਿੰਘ, ਮੋਹਣ ਲਾਲ, ਜਸਵੀਰ ਸਿੰਘ, ਜਸਵਿੰਦਰ ਸਿੰਘ, ਵਿਜੇ ਕਲਸੀ, ਪਵਨ ਕੁਮਾਰ ਮਾਹੀ, ਸੁਰਜੀਤ ਸਿੰਘ, ਬਬੀਤਾ ਰਾਣੀ, ਮਮਤਾ ਰਾਣੀ, ਸ਼ਿਫਾਲੀ, ਅੰਕੁਸ਼ ਰਾਏ, ਐਡਵੋਕੇਟ ਰਣਜੀਤ ਸਿੰਘ, ਡਾ. ਬਲਵਿੰਦਰ ਸਿੰਘ, ਡਾ. ਐੱਸ. ਪੀ. ਸਿੰਘ, ਡਾ. ਜਰਨੈਲ ਸਿੰਘ, ਸਤਪਾਲ ਸਿੰਘ, ਡਾ. ਸਰਦੂਲ ਸਿੰਘ, ਡਾ. ਸੁਰਿੰਦਰ ਸਿੰਘ, ਮਾਸਟਰ ਰੇਸ਼ਮ ਸਿੰਘ, ਸ਼ਿੰਗਾਰਾ ਸਿੰਘ ਸੰਧੂ, ਸ਼ੀਂਹਮਾਰ ਸਾਹਿਬ, ਹਰਮਨਜੋਤ ਕੌਰ, ਰਾਜਵਿੰਦਰ ਕੌਰ ਅਤੇ ਸ਼ਾਥੀ ਹਾਜ਼ਰ ਸਨ।





**ਰਿਪੋਰਟ: ਡਾ. ਜਸਵੰਤ ਰਾਏ**
**ਤਹਿਸੀਲ ਪ੍ਰਧਾਨ ਹੁਸ਼ਿਆਰਪੁਰ** (9815825999)

## ਔਰਤਾਂ ਨੂੰ ਬਰਾਬਰ ਦਾ ਹੱਕ ਡਾ ਭੀਮ ਰਾਓ ਅੰਬੇਡਕਰ ਜੀ ਨੇ ਦਿੱਤਾ : ਨਿਸ਼ਾ

ਭਾਰਤ ਰਤਨ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ 128 ਵੇਂ ਜਨਮ ਦਿਨ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਮਰਜੀਤ ਭੱਟੀ ਸਿਟੀ ਕਨਵੀਨਰ ਬਸਪਾ ਹੁਸਿਆਰਪੁਰ ਨੇ ਕਿਹਾ ਕਿ ਸਾਰਿਆਂ ਨੂੰ ਡਾ. ਭੀਮ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਜੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਸਾਰਿਆਂ ਨੂੰ ਬਰਾਬਰ ਅਧਿਕਾਰ ਦੇਣ ਲਈ ਇਕਜੁੱਟਤਾ ਕਾਇਮ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਅਤੇ ਉਸ ਸਮੇਂ ਦੌਰਾਨ ਸਮਾਜ ਵਿੱਚ ਫੈਲੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਾਨੂੰ ਉਨ੍ਹਾਂ ਦੇ ਦੱਸੇ ਮਾਰਗ 'ਤੇ ਚੱਲ ਕੇ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਲਈ ਬਿਨਾਂ ਕਿਸੇ ਡਰ ਅਤੇ ਲਾਲਚ ਦੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਮਰਜੀਤ ਭੱਟੀ ਦੀ ਪਤਨੀ ਨਿਸ਼ਾ ਰਾਣੀ ਨੇ ਕਿਹਾ ਕਿ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਦਿੱਤਾ ਤੇ ਅੱਜਕਲ ਜੋ ਵੀ ਔਰਤਾਂ ਆਪਣੀ ਖੁਸ਼ੀਆਂ ਨਾਲ ਜਿੰਦਗੀ ਮਾਣ ਰਹੀਆਂ ਹਨ ਉਹ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੀ ਦੇਣ ਹੈ ਤੇ ਸਾਨੂੰ ਅੱਜ ਆਪਣੇ ਬੱਚਿਆਂ ਨੂੰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਇਤਿਹਾਸ ਵਾਰੇ ਦੱਸਣਾ ਚਾਹੀਦਾ ਹੈ ਸਮੇਂ ਦੀ ਲੋੜ ਹੈ ਤੇ ਸਮੂਹ ਪੰਜਾਬੀਆਂ ਨੂੰ ਨਸ਼ਿਆ ਤੋਂ ਦੂਰ ਰਹਿਣਾ ਚਾਹੀਦਾ ਹੈ ਤੇ ਔਰਤਾਂ ਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਤੇ ਔਰਤਾਂ ਆਪਣੇ ਸਹੀ ਉਮੀਦਵਾਰਾਂ ਨੂੰ ਚੋਣ ਕੇ ਲੋਕ ਸਭਾ ਚ ਭੇਜਣਾ ਚਾਹੀਦਾ ਹੈ ਔਰਤਾਂ ਨੂੰ ਮਾਣ ਸਨਮਾਨ ਦੇਣ ਲਈ ਹਮੇਸ਼ਾ ਤਿਆਰ ਰਹੇ ਉਸ ਉਮੀਦਵਾਰ ਨੂੰ ਚੋਣ ਨਾ ਚਾਹੀਦਾ ਹੈ। -9198140-57313



## ਬਸਪਾ ਨੇ ਪੈਦਲ ਮਾਰਚ ਕੱਢਣ ਉਪਰੰਤ ਸੰਵਿਧਾਨ ਨਿਰਮਾਤਾ ਨੂੰ ਸਰਧਾਂਜਲੀ ਦੇ ਕੇ ਮਨਾਇਆ ਜਨਮ ਦਿਨ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਵੱਲੋਂ ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਦੀ ਅਗਵਾਈ ਹੇਠ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 128ਵਾਂ ਜਨਮ ਦਿਨ ਮਨਾਇਆ ਗਿਆ। ਵੱਡੀ ਗਿਣਤੀ ਵਿੱਚ ਇੱਕਠੇ ਹੋਏ ਬਸਪਾ ਵਰਕਰਾਂ ਨੇ ਬਸਤੀ ਜੋਧੇਵਾਲ ਚੌਂਕ ਤੋਂ ਡਾ: ਅੰਬੇਡਕਰ ਚੌਂਕ ਤੱਕ ਮਾਰਚ ਕੱਢਿਆ ਜਿਸਨੂੰ ਮੁੱਖ ਮਹਿਮਾਨ ਵਜੋਂ ਪਹੁੰਚੇ ਜੋਨ ਕੋਆਡੀਨੇਟਰ ਗੁਰਮੇਲ ਸਿੰਘ ਜੀ ਕੇ ਨੇ ਝੰਡੀ ਦਿੱਤੀ। ਮਾਰਚ ਨੇ ਬਾਬਾ ਸਾਹਿਬ ਦੇ ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕਰਦਿਆਂ ਉਨ੍ਹਾਂ ਨੂੰ ਸਰਧਾਂਜਲੀ ਦਿੱਤੀ ਅਤੇ ਬਹੁਜਨਾਂ ਨੂੰ ਦੇਸ਼ ਦੇ ਹੁਕਮਰਾਨ ਬਣਾਉਣ ਦਾ ਸੰਕਲਪ ਲਿਆ। ਇਸ ਮੌਕੇ ਗੱਲ ਕਰਦਿਆਂ ਜੀ ਕੇ, ਜਿਲ੍ਹਾ ਇੰਚਾਰਜ ਜੀਤਰਾਮ ਬਸਰਾ ਅਤੇ ਸ੍ਰੀ ਪ੍ਰਗਣ ਬਿਲਗਾ ਨੇ ਕਿਹਾ ਕਿ ਬਾਬਾ ਸਾਹਿਬ ਦੇ ਜਨਮ ਦਿਨ ਤੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਲੈਣਾ ਹੀ ਸੱਚੀ ਸਰਧਾਂਜਲੀ ਹੋਵੇਗੀ। ਉਨ੍ਹਾਂ ਕਿਹਾ ਕਿ ਅੱਜ ਭਾਵੇਂ ਬਾਬਾ ਸਾਹਿਬ ਦੀ ਜੈ ਜੈ ਕਾਰ ਕਰਨ ਵਾਲਿਆਂ ਦੀ ਬਹੁਤ ਵੱਡੀ ਭੀੜ ਹੈ ਜੋ ਅਪਣੇ ਸਵਾਰਥਾਂ ਨੂੰ ਪੂਰਾ ਕਰਨ ਲਈ ਅਪਣੀਆਂ ਦੁਕਾਨਦਾਰੀਆਂ ਚਲਾ ਰਹੇ ਹਨ।



ਉਨ੍ਹਾਂ ਕਿਹਾ ਕਿ ਅੱਜ ਏਹ ਭੀੜ ਉਨ੍ਹਾਂ ਪਾਰਟੀਆਂ ਦਾ ਹਿੱਸਾ ਹੈ ਜਿਨ੍ਹਾਂ ਦਾ ਬਾਬਾ ਸਾਹਿਬ ਦੀ ਵਿਚਾਰਧਾਰਾ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਬਾਬਾ ਸਾਹਿਬ ਦੇ ਅਨੁਆਈ ਉਨ੍ਹਾਂ ਦੇ ਸਿਧਾਂਤਾ ਨੂੰ ਅਪਣਾ ਕੇ ਬਣਿਆ ਜਾ ਸਕਦਾ ਹੈ। ਇਸ ਲਈ ਬਸਪਾ ਤੋਂ ਬਿਨ੍ਹਾਂ ਕੋਈ ਹੋਰ ਬਾਬਾ ਸਾਹਿਬ ਦੇ ਮਿਸ਼ਨ ਨੂੰ ਨਹੀਂ ਚਲਾ ਰਿਹਾ। ਆਗੂਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਜਿੱਤਣ ਲਈ ਇਸ ਵਾਰ ਬਸਪਾ ਜੀ-ਜਾਨ ਲਗਾ ਦੇਵੇਗੀ ਅਤੇ ਬਸਪਾ ਉਮੀਦਵਾਰਾਂ ਦੇ ਨਾਲ ਪੀ ਡੀ ਏ ਦੇ ਸਾਰੇ ਉਮੀਦਵਾਰਾਂ ਨੂੰ ਜਿਤਾਉਣ ਲਈ ਘਰ ਘਰ ਤੱਕ ਪ੍ਰਚਾਰ ਕੀਤਾ ਜਾਵੇਗਾ। ਇਸ ਮੌਕੇ ਜੋਨ ਕੋਆਡੀਨੇਟਰ ਭੁਪਿੰਦਰ ਸਿੰਘ ਜੋੜਾ, ਰਵੀਕਾਂਤ ਜੱਖੂ, ਹਰਬੰਸ ਸਿੰਘ ਬਾੜੇਵਾਲ, ਨਿਰਮਲ ਸਿੰਘ, ਡਾ: ਰਵਿੰਦਰ ਸਰੋਏ, ਕਮਲ ਬੌਧ, ਰੌਕੀ ਮੱਲ, ਅਜੇ ਬੱਧਣ, ਜਸਵੀਰ ਪਾਲ, ਬਲਵਿੰਦਰ ਜੱਸੀ, ਵਿਜੇ ਬੰਗੜ, ਬਲਵਿੰਦਰ ਬੱਧਣ, ਲੇਖਰਾਜ ਬਿਲਗਾ, ਰਾਜਕੁਮਾਰ, ਰਾਜਿੰਦਰ ਨਿੱਕਾ, ਨਰੇਸ਼ ਬਸਰਾ, ਸੰਭੂ ਲਾਲ, ਚਰਨ ਸਿੰਘ ਲੁਹਾਰਾ, ਬੂਟਾ ਸਿੰਘ ਸੰਗੋਵਾਲ, ਅਵਤਾਰ ਸਿੰਘ, ਸਾਬਕਾ ਕੌਂਸਲਰ ਤਾਰਾ ਸਿੰਘ, ਸੁਖਦੇਵ ਕਾਲਾ, ਚਰਨ ਦਾਸ ਮਾਂਗਟ, ਭੁਪਿੰਦਰ ਬਾਵਾ, ਹਰਦੀਪ ਪਾਲ, ਵਿਜੇ ਰੱਲ ਅਤੇ ਨਰਿੰਦਰ ਰੱਲ ਆਦਿ ਹਾਜਰ ਸਨ।

## ਅੰਬੇਡਕਰ ਜਯੰਤੀ ਤੇ ਡਾ: ਅੰਬੇਡਕਰ ਨਵਯੁਵਕ ਸਮਿਤੀ ਨੇ ਦਿੱਤਾ ਪੀ ਡੀ ਏ ਦੇ ਉਮੀਦਵਾਰਾਂ ਨੂੰ ਸਮਰਥਨ

### ਪੀ ਡੀ ਏ ਕੁਮਾਰੀ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਦਾ ਸੰਕਲਪ ਲੈ ਕੇ ਚੱਲੀ : ਬੈਂਸ

**ਲੁਧਿਆਣਾ–** ਸਥਾਨਕ ਸ਼ੇਰਪੁਰ ਦੀ ਸ਼ਹੀਦ ਭਗਤ ਸਿੰਘ ਕਲੋਨੀ ਵਿਖੇ ਡਾ: ਅੰਬੇਡਕਰ ਨਵਯੁਵਕ ਸਮਿਤੀ ਵੱਲੋਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦਾ 128ਵਾਂ ਜਨਮ ਦਿਨ ਸਮਾਰੋਹ ਕੀਤਾ ਗਿਆ ਜਿਸ ਵਿੱਚ ਲੋਕ ਇਨਸਾਫ ਪਾਰਟੀ ਦੇ ਸਰਪ੍ਰਸਤ ਅਤੇ ਵਿਧਾਨ ਸਭਾ ਹਲਕਾ ਦੱਖਣੀ ਦੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਪੁੱਜੇ। ਉਨ੍ਹਾਂ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਫੋਟੋ ਤੇ ਫੁੱਲ ਮਾਲਾਵਾਂ ਭੇਂਟ ਕਰਦਿਆਂ ਉਨ੍ਹਾਂ ਨੂੰ ਸਲਾਮ ਕੀਤਾ ਅਤੇ ਮੰਚ ਤੋਂ ਉਨ੍ਹਾਂ ਦੇ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਦੇਸ਼ ਦੀ ਜੋ ਵਿਵਸਥਾ ਸੀ ਉਸ ਨਾਲ ਦੇਸ਼ ਦੇ ਕਰੋੜਾਂ ਲੋਕ ਅਧਿਕਾਰਾਂ ਤੋਂ ਕੇਵਲ ਵਾਂਝੇ ਹੀ ਨਹੀਂ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਵੀ ਕੀਤਾ ਜਾਂਦਾ ਸੀ। ਸੰਵਿਧਾਨ ਨਿਰਮਾਤਾ ਨੇ ਉਨ੍ਹਾਂ ਕਰੋੜਾਂ ਲੋਕਾਂ ਨੂੰ ਬਾਕੀਆਂ ਦੇ ਬਰਾਬਰ ਅਧਿਕਾਰ ਦਿੱਤੇ। ਉਨ੍ਹਾਂ ਕਿਹਾ ਕਿ ਸੰਵਿਧਾਨ ਨਿਰਮਾਤਾ ਦੇ ਕੀਤੇ ਕਾਰਜਾਂ ਦੀ ਲਿਸਟ ਬਹੁਤ ਲੰਬੀ ਹੈ। ਉਨ੍ਹਾਂ ਕਿਹਾ ਕਿ ਏਸੇ ਦੇ ਚੱਲਦਿਆਂ ਅੱਜ ਦੇਸ਼ ਦੇ ਦੱਬੇ ਲਤਾੜੇ ਲੋਕ ਹੀ ਨਹੀਂ ਹਰ ਵਰਗ ਦੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਡਾ: ਅੰਬੇਡਕਰ ਦੇਸ਼ ਦੇ ਪਿਛੜੇ ਲੋਕਾਂ ਨੂੰ ਹੁਕਮਰਾਨ ਦੇਖਣਾ ਚਾਹੁੰਦੇ ਸਨ ਜਿਸ ਦੀ ਕੋਸ਼ਿਸ ਵਿੱਚ ਅਸੀਂ ਪੀ ਡੀ ਏ ਦਾ ਗਠਨ ਕਰਕੇ ਲੱਗੇ ਹੋਏ ਹਾਂ। ਉਨ੍ਹਾਂ ਕਿਹਾ ਕਿ ਪੀ ਡੀ ਏ ਦੇ ਜਿਥੇ ਹੋਰ ਬਹੁਤ ਸਾਰੇ ਸੰਕਲਪ ਹਨ ਉਥੇ ਹੀ ਦਲਿਤ ਦੀ ਬੇਟੀ ਬਸਪਾ ਮੁੱਖੀ ਕੁਮਾਰੀ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣਾ ਵੀ ਹੈ। ਸਮਿਤੀ ਵੱਲੋਂ ਪੀ ਡੀ ਏ ਨੂੰ ਲੋਕ ਸਭਾ ਚੋਣਾਂ ਵਿੱਚ ਸਮੱਰਥਨ ਦੇਣ ਦਾ ਐਲਾਨ ਕਰਦੇ ਹੋਏ ਲੁਧਿਆਣਾ ਲੋਕ ਸਭਾ ਤੋਂ ਉਮੀਦਵਾਰ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਦਿਨ ਰਾਤ ਇੱਕ ਕਰਨ ਦਾ ਐਲਾਨ ਵੀ ਕੀਤਾ ਗਿਆ। ਸਮਿਤੀ ਵੱਲੋਂ ਸ: ਬੈਂਸ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮਾਸਟਰ ਰਾਮਾ ਨੰਦ, ਰਣ ਸਿੰਘ, ਵਿੱਕੀ ਕੁਮਾਰ, ਰਾਜੇਸ਼ ਕੁਮਾਰ, ਬਿੱਟੂ ਸ਼ੇਰਪੁਰੀਆ, ਉਮੇਸ਼ ਕੁਮਾਰ, ਨਗਿੰਦਰ, ਦੀਪਕ ਕੁਮਾਰ, ਜਵਾਹਰ ਲਾਲ, ਵਿਜੇ ਕੁਮਾਰ, ਸੁਰੇਸ਼ ਕੁਮਾਰ, ਨਾਰਦ, ਵਿਨੈ ਕੁਮਾਰ, ਜਤਿੰਦਰ, ਮਨੋਜ ਕੁਮਾਰ, ਦੀਪਕ, ਚੰਦਨ ਕੁਮਾਰ, ਬ੍ਰਿਜੇਸ਼, ਧਰਮਦਾਸ, ਰਾਮਨੈਣ, ਵਿਨੋਦ ਕੁਮਾਰ, ਸੰਜੇ ਕੁਮਾਰ, ਜਨਾਰਦਨ, ਹੋਰੀ ਲਾਲ, ਮੁਕੇਸ਼ ਕੁਮਾਰ, ਦੀਪ ਚੰਦ, ਰਣਜੀਤ, ਗੁੱਡੂ ਅਤੇ ਧਰਮਿੰਦਰ ਆਦਿ ਹਾਜਰ ਸਨ।




BERKSHIRE HATHAWAY
Home Services
ELITE REAL ESTATE



Shangara Ram
Realtor CalBRE# 01969522

BH HS
BERKSHIRE HATHAWAY HOMESERVICES

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

# ਬਾਬਾ ਬੁੱਢਾ ਜੀ ਸਿੱਖ ਟੈਂਪਲ ਆਫ ਕੈਲੇਫੋਰਨੀਆ ਵਿਖੇ ਖਾਲਸਾ ਜੀ ਦਾ ਪ੍ਰਗਟ ਦਿਹਾੜਾ ਮਨਾਇਆ ਗਿਆ









**ਕੈਲੇਫੋਰਨੀਆ–** ਬੀਤੇ ਸ਼ਨਿਚਰਵਾਰ 13 ਅਪ੍ਰੈਲ 2019 ਨੂੰ ਬਾਬਾ ਬੁੱਢਾ ਜੀ ਸਿੱਖ ਟੈਂਪਲ ਆਫ ਕੈਲੇਫੋਰਨੀਆ ਵਿਖੇ ਵਿਸਾਖੀ ਦੀ ਸੰਗਰਾਂਦ ਖਾਲਸੇ ਦਾ ਜਨਮ ਦਿਹਾੜਾ ਬੜੀ ਧੂੰਮ-ਧਾਮ ਨਾਲ ਮਨਾਇਆ। 11 ਅਪ੍ਰੈਲ ਨੂੰ ਅਖੰਡ ਪਾਠ ਸਾਹਿਬ ਸ. ਮਨਜੀਤ ਸਿੰਘ, ਬੀਬੀ ਬਲਵੀਰ ਕੌਰ ਰਾਏ ਪਰਿਵਾਰ ਵੱਲੋਂ ਆਰੰਭ ਕਰਵਾਏ ਗਏ। 13 ਅਪ੍ਰੈਲ ਵਿਸਾਖੀ ਦੀ ਸੰਗਰਾਂਦ ਵਾਲੇ ਦਿਨ ਭੋਗ ਪਾਏ ਗਏ। ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਪ੍ਰਸਿੱਧ ਕੀਰਤਨੀ ਜਥਿਆਂ ਨੇ ਕਥਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਾ ਭਾਈ ਤਾਰਾ ਸਿੰਘ ਡੇਹਰਾਦੂਨ ਵਾਲੇ ਭਾਈ ਬਲਵੀਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਵਰਿੰਦਰ ਸਿੰਘ ਨੇ ਕੀਰਤਨ ਕੀਤਾ, ਭਾਈ ਸਤਿਨਾਮ ਸਿੰਘ ਹਜ਼ੂਰੀ ਹੈਡ ਗ੍ਰੰਥੀ ਨੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ, ਅਖੰਡ ਪਾਠ ਗੁਰੂ ਕੇ ਲੰਗਰਾਂ ਦੀ ਸੇਵਾ ਭਾਈ ਮਨਜੀਤ ਸਿੰਘ, ਬੀਬੀ ਬਲਵੀਰ ਕੌਰ ਰਾਏ ਪਰਿਵਾਰ ਨੇ ਕੀਤੀ। ਭਾਈ ਮਨਜੀਤ ਸਿੰਘ ਰਾਏ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਗੁਰੂ ਘਰ ਦੇ ਕਮੇਟੀ ਮੈਂਬਰ ਭਾਈ ਫਤਿਹ ਸਿੰਘ ਨੇ ਦੇ ਕੇ ਸਲਮਾਨਿਤ ਕੀਤਾ। ਇਸ ਮੌਕੇ ਹੈਪੀ ਦਿਓਲ, ਦਰਸ਼ਨ ਸਿੰਘ ਮੁੰਡੀ, ਪੰਮਾ ਸੰਘੇੜਾ, ਰੂਪਜੋਤ ਸਿੰਘ, ਦਰਸ਼ਨ ਸਿੰਘ ਪ੍ਰਦੇਸੀ (ਬਰਗਰ ਕਿੰਗ ਫੈਮਲੀ) ਅਤੇ ਹੋਰ ਬਹੁਤ ਸਾਰੇ ਸੱਜਣ ਗੁਰੂ ਘਰ ਦੇ ਸ਼ਰਧਾਲੂ ਹਾਜ਼ਰ ਸਨ।



ਉਘੇ ਸਾਹਿਤਕਾਰ ਤੇ ਲੇਖਕ ਸ. ਚਰਨਜੀਤ ਸਿੰਘ ਪੰਨੂ (ਅਮਰੀਕਾ ਨਿਵਾਸੀ) ਦਾ ਅਦਾਰਾ ਚੜ੍ਹਦੀਕਲਾ ਵਿਖੇ ਪਹੁੰਚਣ 'ਤੇ ਸ਼ਾਲ ਭੇਂਟ ਕਰਕੇ ਨਿੱਘਾ ਸਵਾਗਤ ਕਰਦੇ ਹੋਏ ਸ. ਜਗਜੀਤ ਸਿੰਘ ਦਰਦੀ, ਚੇਅਰਮੈਨ ਚੜ੍ਹਦੀਕਲਾ ਗਰੁੱਪ, ਸ. ਹਰਪ੍ਰੀਤ ਸਿੰਘ ਦਰਦੀ ਡਾਇਰੈਕਟਰ, ਸ. ਮਨਪ੍ਰੀਤ ਸਿੰਘ ਮੈਨੇਜਰ, ਸ. ਸਾਹਿਬ ਸਿੰਘ ਚੈਨਲ ਹੈਡ, ਸਤਜੀਤ ਅਤੇ ਜਤਿੰਦਰਪ੍ਰੀਤ ਸੋਢੀ। ਇਸ ਮੌਕੇ ਸ. ਪੰਨੂ ਵੱਲੋਂ ਵੀ ਆਪਣੀ ਪੁਸਤਕ ਦਰਦੀ ਸਾਹਿਬ ਨੂੰ ਭੇਂਟ ਕੀਤੀ ਗਈ।

## ਹੁਸ਼ਿਆਰਪੁਰ 'ਚ ਦਲਿਤ ਜਥੇਬੰਦੀਆਂ ਤੇ ਬਸਪਾ ਪੀਡੀਏ ਗੱਠਜੋੜ ਵੱਲੋਂ ਡਾ. ਅੰਬੇਡਕਰ ਦੀ ਸ਼ੋਭਾ ਯਾਤਰਾ ਕੱਢੀ



**ਹੁਸ਼ਿਆਰਪੁਰ–** ਬੀਤੀ 12 ਅਪ੍ਰੈਲ ਨੂੰ ਹੁਸ਼ਿਆਰਪੁਰ 'ਚ ਬਾਬਾ ਸਾਬਿ ਡਾ. ਬੀ. ਆਰ. ਅੰਬੇਡਕਰ ਜੀ ਦੀ ਪਹਿਲੀ ਸ਼ੋਭਾ ਯਾਤਰਾ ਬੜੀ ਧੂੰਮ-ਧਾਮ ਨਾਲ ਕੱਢੀ ਗਈ। ਇਸ ਸ਼ੋਭਾ ਯਾਤਰਾ 'ਚ ਹੁਸ਼ਿਆਰਪੁਰ ਦੀਆਂ ਵੱਖ-ਵੱਖ ਦਲਿਤ ਜਥੇਬੰਦੀਆਂ ਤੇ ਬਹੁਜਨ ਸਮਾਜ ਪਾਰਟੀ ਹੁਸ਼ਿਆਰਪੁਰ, ਲੋਕ ਇਨਸਾਫ ਪਾਰਟੀ ਹੁਸ਼ਿਆਰਪੁਰ, ਪੰਜਾਬੀ ਏਕਤਾ ਪਾਰਟੀ ਹੁਸ਼ਿਆਰਪੁਰ, ਸੀ. ਪੀ. ਆਈ. ਪਾਰਟੀ ਹੁਸ਼ਿਆਰਪੁਰ, ਪੰਜਾਬ ਮੰਚ ਪਾਰਟੀ ਹੁਸ਼ਿਆਰਪੁਰ, ਆਰ. ਐਮ. ਪੀ. ਆਈ. ਪਾਰਟੀ ਹੁਸ਼ਿਆਰਪੁਰ ਆਦਿ ਪਾਰਟੀਆਂ ਦੇ ਆਗੂਆਂ ਨੇ ਹੁਸ਼ਿਆਰਪੁਰ ਸਿਟੀ 'ਚ ਬਸਪਾ ਤੇ ਪੀਡੀਏ ਉਮੀਦਵਾਰ ਡੀ. ਸੀ. ਖੁਸ਼ੀ ਰਾਮ ਦੇ ਹੱਕ 'ਚ ਪ੍ਰਚਾਰ ਵੀ ਖੁੱਲ੍ਹ ਕੇ ਕੀਤਾ ਗਿਆ ਤੇ 6 ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ। ਸਭਾ ਯਾਤਰਾ 'ਚ ਮਨੂੰਵਾਦੀ ਪਾਰਟੀਆਂ ਦੇ ਉਮੀਦਵਾਰ ਨੂੰ ਸ਼ੋਭਾ ਯਾਤਰਾ 'ਚ ਬਾਈਕਾਟ ਦੇਖਣ ਨੂੰ ਮਿਲਿਆ, ਕਿਤੇ ਵੀ ਮਨੂੰਵਾਦੀ ਪਾਰਟੀਆਂ ਦੇ ਉਮੀਦਵਾਰ ਨਹੀਂ ਆਏ ਤੇ ਬਸਪਾ ਤੇ ਪੀਡੀਏ ਦੇ ਉਮੀਦਵਾਰ ਡੀ. ਸੀ. ਖੁਸ਼ੀ ਰਾਮ ਦੇ ਹੱਕ ਵਿਚ ਨਾਅਰੇ ਲੱਗੇ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਖਾਲਸੇ ਦੇ ਜਨਮ ਦਿਹਾੜੇ ਵੈਸਾਖੀ ਪੁਰਬ ਦੀ ਖੁਸ਼ੀ ਵਿਚ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 19, 29, 21 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ।



**19 ਅਪ੍ਰੈਲ 2019 ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**20 ਅਪ੍ਰੈਲ 2019 ਦਿਨ ਸ਼ਨਿਚਰਵਾਰ ਸ਼ਾਮ ਵੇਲੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ।**

**21 ਅਪ੍ਰੈਲ 2019 ਦਿਨ ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਬਾਸੀ ਪਰਿਵਾਰ, ਸਹੋਤਾ ਪਰਿਵਾਰ, ਕੰਦੋਲਾ ਪਰਿਵਾਰ ਵੱਲੋਂ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ 26, 27, 20 ਅਪ੍ਰੈਲ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ।

**26 ਅਪ੍ਰੈਲ 2019 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**28 ਅਪ੍ਰੈਲ 2019 ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ-

ਗੁਰੂ ਘਰ 530-674-2564
ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823
ਸ੍ਰੀ ਪ੍ਰਸ਼ੋਤਮ ਸੂਦ (ਚੇਅਰਮੈਨ) 530-845-4508
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3612

**SHRI GURU RAVIDASS TEMPLE**
**1480 HAYNE AVENUE, YUBA CITY, CA 95993**


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਅੰਬੇਡਕਰ ਸੈਨਾ ਮੂਲ ਨਿਵਾਸੀ ਨੇ ਸਜਾਈ ਡਾ.ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ





**ਫਗਵਾੜਾ (ਬੀ.ਕੇ.ਰੱਤੂ)–** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਸੂਬਾ ਪ੍ਰਧਾਨ ਹਰਭਜਨ ਸੁਮਨ ਦੀ ਅਗਵਾਈ ਹੇਠ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ 128ਵੇਂ ਜਨਮ ਦਿਵਸ ਨੂੰ ਸਮਰਪਿਤ ਸ਼ੋਭਾ ਯਾਤਰਾ ਸਜਾਈ ਗਈ। ਇਹ ਸ਼ੋਭਾ ਯਾਤਰਾ ਡਾ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜਾਰਾਂ ਤੋਂ ਹੁੰਦੀ ਹੋਈ ਵਾਪਸ ਉਸੇ ਜਗ੍ਹਾ ਸਮਾਪਤ ਹੋਈ। ਸ਼ੋਭਾ ਯਾਤਰਾ ਦਾ ਸ਼ੁਭ ਆਰੰਭ ਸ੍ਰੀ ਬੀ.ਆਰ. ਕਟਾਰੀਆ ਨੇ ਰਿਬਨ ਕੱਟ ਕੇ ਕਰਵਾਇਆ। ਇਸ ਮੌਕੇ ਸਿੱਖ ਭਾਈਚਾਰੇ ਤੋਂ ਸੁਖਦੇਵ ਸਿੰਘ ਖਾਲਸਾ, ਮੁਸਲਿਮ ਭਾਈਚਾਰੇ ਤੋਂ ਕਾਸ਼ਿਵ ਰਹਿਮਾਨ ਅਤੇ ਸਰਬਰ ਗੁਲਾਮ ਸੱਬਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਸ਼ੋਭਾ ਯਾਤਰਾ ਦੌਰਾਨ ਬਾਬਾ ਸਾਹਿਬ ਡਾ. ਅੰਬੇਡਕਰ ਤੋਂ ਇਲਾਵਾ ਭਗਵਾਨ ਬੁੱਧ, ਜਯੋਤੀਬਾ ਰਾਓ ਫੂਲੇ ਤੋਂ ਇਲਾਵਾ ਜਸਵੰਤ ਬੋਬੀ ਦੀ ਝਾਕੀ ਵਿਸ਼ੇਸ਼ ਖਿੱਚ ਦਾ ਕੇਂਦਰ ਸੀ। ਇਸ ਸ਼ੋਭਾ ਯਾਤਰਾ ਦਾ ਥਾਂ-ਥਾਂ ਤੇ ਭਰਵਾਂ ਸਵਾਗਤ ਹੋਇਆ। ਵੱਖ ਵੱਖ ਪੜਾਵਾਂ ਤੇ ਮਿਸ਼ਨਰੀ ਗਾਇਕ ਕਲਾਕਾਰਾਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ਾਂ ਨੂੰ ਆਪਣੇ ਗੀਤਾਂ ਰਾਹੀਂ ਪੇਸ਼ ਕੀਤਾ। ਇਸ ਮੌਕੇ ਤੇਜਪਾਲ ਬਸਰਾ, ਸਨੀ ਮਹੇ, ਡਾ. ਸੰਜੀਵ ਭੁੱਲਾਰਾਈ, ਮਨੋਹਰ ਜੱਖੂ, ਮਨੀ ਅੰਬੇਡਕਰੀ, ਜਸਵਿੰਦਰ ਬੋਧ, ਬਲਵਿੰਦਰ ਬੋਧ, ਆਕਾਸ਼ ਭਾਰਤੀ, ਡਾ. ਜਗਦੀਸ਼, ਐਡਵੋਕੇਟ ਕੁਲਦੀਪ ਭੱਟੀ, ਹੈਪੀ ਹਦੀਆਬਾਦ, ਰਾਏ ਜਗਤਪੁਰ ਜੱਟਾਂ, ਅਜੈਬ ਸਿੰਘ, ਸਤਵਿੰਦਰ ਕੁਲਥਮ, ਸੋਨੂੰ ਭੂਟਾ, ਕਮਲ ਹਾਕੂਪੁਰਾ, ਮਾਨ ਗੰਢਵਾ, ਸੰਦੀਪ ਕੁਮਾਰ ਆਦਿ ਹਾਜਰ ਸਨ।

# ਬਸਪਾ ਨੇ ਮਨਾਇਆ ਬਾਬਾ ਸਾਹਿਬ ਡਾ.ਅੰਬੇਡਕਰ ਦਾ ਜਨਮ ਦਿਹਾੜਾ



**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਯੂਨਿਟ ਫਗਵਾੜਾ ਵਲੋਂ ਅੱਜ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ 128ਵੇਂ ਜਨਮ ਦਿਵਸ ਮੌਕੇ ਪ੍ਰਧਾਨ ਚਿਰੰਜੀ ਲਾਲ ਕਾਲਾ ਅਤੇ ਇੰਚਾਰਜ ਸੰਤੋਖ ਲਾਲ ਢੱਡਾ ਦੀ ਅਗਵਾਈ ਹੇਠ ਸਥਾਨਕ ਹਰਗੋਬਿੰਦ ਨਗਰ ਵਿਖੇ ਸਥਿਤ ਡਾ. ਅੰਬੇਡਕਰ ਪਾਰਕ ਵਿਖੇ ਸਥਾਪਤ ਬਾਬਾ ਸਾਹਿਬ ਡਾ. ਅੰਬੇਡਕਰ ਦੀ ਪ੍ਰਤਿਮਾ ਨੂੰ ਫੁੱਲਮਾਲਾ ਪਹਿਨਾ ਕੇ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਬਸਪਾ ਪੰਜਾਬ ਦੇ ਸਕੱਤਰ ਅਤੇ ਹਲਕਾ ਲੋਕਸਭਾ ਹੁਸ਼ਿਆਰਪੁਰ ਦੇ ਇੰਚਾਰਜ ਬੀਬੀ ਰਚਨਾ ਦੇਵੀ ਅਤੇ ਸਤਨਾਮ ਬਿਰਹਾ ਨੇ ਸਮੂਹ ਸਮਾਜ ਨੂੰ ਬਾਬਾ ਸਾਹਿਬ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਅਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੇ ਸੁਪਨਿਆਂ ਦੇ ਭਾਰਤ ਦਾ ਨਿਰਮਾਣ ਕਰਨ ਲਈ ਲੋਕਸਭਾ ਚੋਣਾਂ ਵਿਚ ਬਸਪਾ ਨੂੰ ਭਾਰੀ ਬਹੁਮਤ ਨਾਲ ਜਿਤਾਉਣਾ ਅੱਜ ਦੇ ਸਮੇਂ ਦੀ ਮੰਗਗ ਹੈ। ਇਸ ਮੌਕੇ ਐਡਵੋਕੇਟ ਕੁਲਦੀਪ ਭੱਟੀ, ਪਰਮਜੀਤ ਖਲਵਾੜਾ, ਐਡਵੋਕੇਟ ਰਣਦੀਪ ਕੈਲੇ, ਬੀ.ਆਰ. ਕਟਰਾਈ ਯੂ. ਕੇ., ਪ੍ਰਨੀਸ਼ ਬੰਗਾ, ਅਮਰਜੀਤ ਖੁੱਤਣ, ਸੁਰਜੀਤ ਭੁੱਲਾਰਾਈ, ਰਾਮ ਮੂਰਤੀ ਖੇੜਾ, ਹਰਭਜਨ ਖਲਵਾੜਾ, ਬਿਸ਼ੰਭਰ ਭਬਿਆਣਾ, ਲੇਖਰਾਜ ਜਮਾਲਪੁਰ, ਪੁਸ਼ਪਿੰਦਰ ਕੌਰ ਅਠੌਲੀ, ਲੈਂਬਰ ਬਲਾਲੋਂ, ਕੁਲਵੰਤ ਕਲੇਰ, ਚਰਨਜੀਤ ਜੱਖੂ, ਜੋਗਿੰਦਰ ਪਾਲ, ਦੇਵਰਾਜ ਮੇਹਟਾਂ, ਮਨੋਹਰ ਲਾਲ ਜੱਖੂ, ਤੇਜਪਾਲ ਬਸਰਾ, ਰਾਮ ਲੁਭਾਇਆ ਪੰਡੋਰੀ, ਅਸ਼ੋਕ ਰਾਮਪੁਰਾ, ਦੇਸਰਾਜ ਆਦਿ ਹਾਜਰ ਸਨ।

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਵੱਲੋਂ ਸੈਕਰਾਮੈਂਟੋ ਵਿਖੇ ਅੰਤਰ ਰਾਸ਼ਟਰੀ ਕਾਨਫਰੰਸ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਵੱਲੋਂ 28 ਅਪ੍ਰੈਲ 2019 ਦਿਨ ਐਤਵਾਰ ਨੂੰ ਸੈਕਰਾਮੈਂਟੋ ਵਿਚ ਪੰਜਾਬੀ ਦੀ 19ਵੀਂ ਅੰਤਰ ਰਾਸ਼ਟਰੀ ਕਾਨਫਰੰਸ ਕਰਵਾਈ ਜਾ ਰਹੀ ਹੈ, ਜਿਹੜੀ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਦਿਹਾੜੇ ਨੂੰ ਸਮਰਪਿਤ ਹੋਵੇਗੀ। ਇਸ ਕਾਨਫਰੰਸ ਵਿਚ ਸਾਰੇ ਸਾਹਿਤਕਾਰਾਂ ਨੂੰ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

**ਹਾਲ ਦਾ ਪਤਾ:**

ਲਕਸ਼ਮੀ ਨਰਾਇਣ ਮੰਦਰ
7495 ਐਡਲਰ ਕਰੀਕ ਰੋਡ
ਸੈਕਰਾਮੈਂਟੋ, ਕੈਲੀਫੋਰਨੀਆ

**ਸੰਪਰਕ ਕਰੋ:**

ਪ੍ਰਧਾਨ ਜਸਵੰਤ ਜੱਸੀ ਸ਼ੀਮਾਰ 916-293-6030
ਵਾਈਸ ਪ੍ਰਧਾਨ ਹਰਭਜਨ ਸਿੰਘ ਢੇਰੀ 530-671-3278
ਸਕੱਤਰ ਪਰਮਿੰਦਰ ਰਾਏ ਖਾਨਖਾਨਾ 916-825-4141
ਖਜਾਨਚੀ ਮਨਜੀਤ ਕੌਰ ਸੇਖੋਂ 916-690-2379




# ਭਾਰਤ ਅੜਿੱਕੇ ਵੀ ਡਾਹਵੇ ਤਦ ਵੀ ਪਾਕਿਸਤਾਨ ਕਰਤਾਰਪੁਰ ਸਾਹਿਬ ਦਾ ਲਾਂਘਾ ਜ਼ਰੂਰ ਬਣਾਵੇਗਾ- ਮੁਹੰਮਦ ਸਰਵਰ

## ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ 'ਚ ਸ਼ਾਮਿਲ ਹੋਣ ਵਾਲੀਆਂ ਸੰਗਤਾਂ ਦਾ ਪਲਕਾਂ ਵਿਛਾ ਕੇ ਸਵਾਗਤ ਕਰਾਂਗੇ

**ਫਰੀਮਾਂਟ (ਐੱਸ.ਅਸ਼ੋਕ ਭੌਰਾ)–** ਪਾਕਿਸਤਾਨ ਸਰਕਾਰ ਸਿੱਖ ਕੌਮ ਦੀ 72 ਸਾਲਾਂ ਤੋਂ ਚੱਲੀ ਆ ਰਹੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮੰਗ ਨੂੰ ਪੂਰਾ ਕਰਕੇ ਇਤਿਹਾਸ ਸਿਰਜਣ ਜਾ ਰਹੀ ਹੈ। ਇਮਰਾਨ ਖਾਨ ਦੀ ਸਰਕਾਰ ਪਾਕਿਸਤਾਨ ਦੇ ਹੋਰ ਰੁਝੇਵਿਆਂ 'ਚੋਂ ਸਭ ਤੋਂ ਵੱਧ ਸਮਾਂ ਏਸ ਵੇਲੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਇਸ ਸ਼ਾਂਤੀ ਦੇ ਲਾਂਘੇ ਨੂੰ ਮੁਕੰਮਲ ਕਰਨ ਲਈ ਦੇ ਰਹੀ ਹੈ। ਪੰਜਾ ਸਾਹਿਬ, ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ 'ਚ ਦੁਨੀਆਂ ਭਰ ਤੋਂ ਪਹੁੰਚਣ ਵਾਲੀਆਂ ਸੰਗਤਾਂ ਨੂੰ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਪਾਕਿਸਤਾਨ ਦੇ ਲੋਕ ਪਲਕਾਂ ਵਿਛਾ ਕੇ ਉਡੀਕ ਕਰ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਕਰਦਿਆਂ ਪਾਕਿਸਤਾਨ ਵਿਚਲੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੇ ਕਿਹਾ ਕਿ ਨਾ ਕਿਸੇ ਨੂੰ ਵੀਜ਼ੇ ਦੀ ਸਮੱਸਿਆ ਆਉਣ ਦਿੱਤੀ ਜਾਵੇਗੀ ਅਤੇ ਨਾ ਹੀ ਇਤਿਹਾਸਕ ਘੜੀਆਂ ਤੋਂ ਵਿਰਵਾਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਇਸ ਲਾਂਘੇ ਲਈ ਕਿੰਨੇ ਵੀ ਅੜਿੱਕੇ ਕਿਉਂ ਨਾ ਡਾਹਵੇ ਪਾਕਿਸਤਾਨ ਸਰਕਾਰ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਕੇ ਹੀ ਰਹੇਗੀ। ਇਹ ਨਾ ਸਿਰਫ ਇਕ ਲਾਂਘਾ ਹੈ ਇਹ ਸਗੋਂ ਇਕ ਸ਼ਾਂਤੀ ਮਿਸ਼ਨ ਹੈ ਤੇ ਪਾਕਿ ਇਸੇ ਕਰਕੇ ਭਾਰਤ ਨਾਲ ਯੁੱਧ ਨਹੀਂ ਸ਼ਾਂਤੀ ਚਾਹੁੰਦਾ ਹੈ। ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡਾ. ਪ੍ਰਿਤਪਾਲ ਸਿੰਘ ਹੁਰਾਂ ਦੇ ਸੱਦੇ 'ਤੇ ਦੋ ਦਿਨਾਂ ਕੈਲੀਫੋਰਨੀਆਂ ਪੁੱਜੇ ਲਹਿੰਦੇ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਦਾ ਪੂਰੇ ਉਤਸ਼ਾਹ ਸਵਾਗਤ ਕੀਤਾ ਗਿਆ ਤੇ ਸਿੱਖ ਕੌਮ ਦੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ 'ਤੇ ਡਾ. ਪ੍ਰਿਤਪਾਲ ਸਿੰਘ ਨੇ ਮੁਹੰਮਦ ਸਰਵਰ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਵਲੋਂ ਲਹਿੰਦੇ ਪੰਜਾਬ ਵਿਚ ਆਮ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਚਲਾਈ ਜਾ ਰਹੀ ਮੁਹਿੰਮ ਵਿਚ ਅਮਰੀਕਨ ਸਿੱਖਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਡਾ. ਅਮਰਜੀਤ ਸਿੰਘ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਪਾਕਿਸਤਾਨ ਸਰਕਾਰ ਇਸ ਗੱਲ ਦਾ ਖਿਆਲ ਰੱਖੇ ਕਿ ਕੋਈ ਸ਼ਰਾਰਤੀ ਅਨਸਰ ਇਨ੍ਹਾਂ ਪਵਿੱਤਰ ਸਮਾਗਮਾ ਵਿਚ ਦਾਖਲ ਹੋ ਕੇ ਸਮੱਸਿਆ ਨਾ ਖੜ੍ਹੀ ਕਰ ਸਕੇ। ਅਮ੍ਰਿਤ ਸਿੰਘ, ਫਾਰੂਕ ਅਰਸ਼ਦ, ਦਵਿੰਦਰ ਸਿੰਘ, ਜਸਦੇਵ ਸਿੰਘ ਨੇ ਵੀ ਇਸ ਮੌਕੇ ਤੇ ਆਪਣੇ ਵਿਚਾਰਾਂ 'ਚ ਕਰਤਾਰਪੁਰ ਪੀਸ ਕੋਰੀਡੋਰ ਲਈ ਪਾਕਿਸਤਾਨ ਸਰਕਾਰ ਵਲੋਂ ਕੀਤੇ ਜਾ ਰਹੇ ਸਰਗਰਮ ਯਤਨਾਂ ਲਈ ਸ਼ਲਾਘਾ ਕੀਤੀ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਅਹਿਮ ਸਖਸ਼ੀਅਤਾਂ ਵਲੋਂ ਇਸ ਮੌਕੇ 'ਤੇ ਮੁਹੰਮਦ ਸਰਵਰ ਤੇ ਉਹਨਾਂ ਦੀ ਬੇਗਮ ਸਾਹਿਬਾਂ ਨੂੰ ਯਾਦ ਚਿੰਨ੍ਹ ਦੇ ਕੇ ਮਾਣ ਸਨਮਾਨ ਵੀ ਦਿੱਤਾ ਗਿਆ। ਗੁਲਵਿੰਦਰ ਸਿੰਘ ਗਾਖਲ, ਜਸਜੀਤ ਸਿੰਘ, ਸੁਰਿੰਦਰ ਸਿੰਘ ਨਿੱਝਰ, ਪ੍ਰੋ. ਲਾਲੀ ਧਨੋਆ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਜੌਹਨ ਸਿੰਘ ਗਿੱਲ, ਮੱਖਣ ਸਿੰਘ ਬੈਂਸ, ਬਿੱਟੂ ਨਿੱਝਰ, ਜਸਵਿੰਦਰ ਜੰਡੀ, ਕਸ਼ਮੀਰ ਸਿੰਘ ਸ਼ਾਹੀ, ਤਜਿੰਦਰ ਧਾਮੀ, ਤੇ ਹੋਰ ਅਨੇਕਾਂ ਸ਼ਖਸ਼ੀਅਤਾਂ ਇਸ ਮੌਕੇ 'ਤੇ ਹਾਜ਼ਰ ਸਨ। **(ਤਸਵੀਰਾਂ ਦੇਖੋ ਸਫਾ 14 'ਤੇ)**

## ਪ੍ਰੋਫੈਸਰ ਹਰਗੋਪਾਲ ਅਤੇ ਹੋਰ ਬੁੱਧੀਜੀਵੀਆਂ ਦੀ ਗਿਰਫ਼ਤਾਰੀ ਵਿਰੁੱਧ ਆਵਾਜ਼ ਉਠਾਓ- ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਬਠਿੰਡਾ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਬਠਿੰਡਾ ਵੱਲੋਂ ਇਥੇ ਜਾਰੀ ਕੀਤੇ ਇਕ ਪ੍ਰੈਸ ਬਿਆਨ ਵਿੱਚ ਤੇਲੰਗਾਨਾ ਸਰਕਾਰ ਦੇ ਇਸ਼ਾਰੇ 'ਤੇ ਪਬਲਿਕ ਮੀਟਿੰਗ ਕਰ ਰਹੇ ਲੋਕਪੱਖੀ ਬੁੱਧੀਜੀਵੀਆਂ ਪ੍ਰੋਫੈਸਰ ਹਰਗੋਪਾਲ, ਵੇਨੂਗੋਪਾਲ, ਪ੍ਰੋਫੈਸਰ ਕਾਤਿਆਯਾਨੀ ਅਤੇ ਹੋਰ ਜਮਹੂਰੀ ਕਰਕੁੰਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬ਼ਦਾਂ ਵਿਚ ਨਿਖੇਧੀ ਕਰਦੀ ਹੈ।ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਕਿਹਾ ਕਿ ਇਹ ਬੁੱਧੀਜੀਵੀ ਅਤੇ ਕਾਰਕੁੰਨ ਇਨਕਲਾਬੀ ਬੁੱਧੀਜੀਵੀ ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀਆਂ ਤੇ ਕਾਰਕੁੰਨਾਂ ਨੂੰ ਸ਼ਹਿਰੀ ਮਾਓਵਾਦੀ ਕਰਾਰ ਦੇ ਕੇ ਜੇਲ੍ਹ ਵਿਚ ਡੱਕਣ ਵਿਰੁੱਧ ਲਗਾਤਾਰ ਆਵਾਜ਼ ਉਠਾਉਂਦੇ ਆ ਰਹੇ ਹਨ। ਅੱਜ ਵੀ ਡੈਮੋਕਰੇਟਿਕ ਟੀਚਰਜ਼ ਫੋਰਮ ਵੱਲੋਂ ਇਸ ਮੁੱਦੇ ਉੱਪਰ ਪ੍ਰੋਗਰਾਮ ਲਏ ਗਏ ਸਨ ਜਿਹਨਾਂ ਨੂੰ ਅਸਫ਼ਲ ਬਣਾਉਣ ਲਈ ਤੇਲੰਗਾਨਾ ਪੁਲਿਸ ਉਸੇ ਤਰਜ਼ 'ਤੇ ਇਕੱਠ ਉੱਪਰ ਆ ਝਪਟੀ ਜਿਵੇਂ ਇਕ ਸਦੀ ਪਹਿਲਾਂ ਅੱਜ ਦੇ ਦਿਨ ਅੰਮ੍ਰਿਤਸਰ ਦੇ ਜੱਲਿਆਂਵਾਲਾ ਬਾਗ਼ ਵਿਚ ਬਸਤੀਵਾਦੀ ਦਮਨ ਵਿਰੁੱਧ ਜੁੜੇ ਲੋਕਾਂ ਦਾ ਬਸਤੀਵਾਦੀ ਰਾਜ ਮਸ਼ੀਨਰੀ ਵੱਲੋਂ ਕਤਲੇਆਮ ਕੀਤਾ ਗਿਆ ਸੀ। ਸੱਤ ਦਹਾਕਿਆਂ ਤੋਂ ਲਗਾਤਾਰ ਜਾਰੀ ਆਪਣੇ ਹੀ ਲੋਕਾਂ ਖ਼ਿਲਾਫ਼ ਭਾਰਤੀ ਰਾਜ ਵੱਲੋਂ ਚਲਾਈ ਜਾ ਰਹੀ ਜੰਗ ਇਸਦਾ ਸਬੂਤ ਹੈ ਕਿ ਇਹ ਰਾਜ ਬਦਲੇ ਹੋਏ ਰੂਪ ਵਿਚ ਬਸਤੀਵਾਦੀ ਰਾਜ ਦੀ ਹੀ ਲਗਾਤਾਰਤਾ ਹੈ। ਇਸ ਦੇ ਯੂ ਏ ਪੀ ਏ, ਟਾਡਾ, ਪੋਟਾ, ਅਫਸਪਾ ਵਰਗੇ ਕਾਨੂੰਨ ਅਤੇ ਅੰਗਰੇਜ਼ਾਂ ਦੇ ਜ਼ਮਾਨੇ ਦੀਆਂ "ਰਾਜ ਧਰੋਹ", "ਰਾਜ ਵਿਰੁੱਧ ਜੰਗ ਦੀ ਸਾਜ਼ਿਸ਼" ਅਤੇ "ਰਾਜ ਵਿਰੁੱਧ ਜੰਗ ਛੇੜਣ" ਦੀਆਂ ਧਾਰਾਵਾਂ ਨਾਲ ਮੋਹ ਅਤੇ ਇਹਨਾਂ ਦੀ ਲੋਕ ਸੰਘਰਸ਼ਾਂ ਵਿਰੁੱਧ ਬੇਦਰੇਗ ਵਰਤੋਂ ਅੰਗਰੇਜ਼ ਬਸਤੀਵਾਦੀਆਂ ਨੂੰ ਵੀ ਮਾਤ ਪਾਉਂਦੇ ਹਨ।



ਸਭਾ ਮੰਗ ਕਰਦੀ ਹੈ ਕਿ ਗ੍ਰਿਫ਼ਤਾਰ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸਾਰੇ ਹੀ ਕਾਲੇ ਕਾਨੂੰਨ ਖ਼ਤਮ ਕੀਤੇ ਜਾਣ।


ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁੰਨਾਂ ਵਿਰੁੱਧ ਦਰਜ ਬੇਬੁਨਿਆਦ ਮੁਕੱਦਮੇ ਵਾਪਸ ਲੈ ਕੇ ਉਹਨਾਂ ਨੂੰ ਤੁਰੰਤ ਅਤੇ ਬਿਨਾ ਸ਼ਰਤ ਰਿਹਾਅ ਕੀਤਾ ਜਾਵੇ।

# ਡਾ.ਗਾਂਧੀ ਪਟਿਆਲਾ ਅਤੇ ਮਾਸਟਰ ਬਲਦੇਵ ਸਿੰਘ ਫਰੀਦਕੋਟ ਦੇ ਹੱਕ ਚ ਟੋਰਾਂਟੋ (ਕੈਨੇਡਾ) ਦੇ ਪੰਜਾਬੀਆਂ ਵੱਲੋਂ ਪੂਰੀ ਹਮਾਇਤ ਦਾ ਭਰੋਸਾ

**ਪਟਿਆਲਾ–** ਬ੍ਰੈਂਪਟਨ (ਕੇਨੇਡਾ) ਵਿਖੇ ਪੰਜਾਬ ਏਕਤਾ ਪਾਰਟੀ (ਓਨਟੇਰੀਓ) ਦੇ ਅਹੁਦੇਦਾਰਾਂ,ਪੰਜਾਬ ਹੈਰੀਟੇਜ ਟੋਰਾਂਟੋ ਅਤੇ ਪਾਰਟੀ ਹਮਾਇਤੀ ਆਮ ਸ਼ਹਿਰ ਵਾਸੀਆਂ ਦੀ ਸ਼ਿੰਗਾਰ ਬੈਂਕੂਟ ਹਾਲ ਵਿਖੇ ਪਹਿਲੀ ਭਰਵੀ ਇਕੱਤਰਤਾ ਹੋਈ, ਜਿਸ ਵਿੱਚ ਤਕਰੀਬਨ 300 ਤੋਂ ਉੱਪਰ ਪੰਜਾਬ ਹਮਦਰਦਾਂ ਨੇ ਸ਼ਿਰਕਤ ਕੀਤੀ। ਉਸ ਪਲੇਠੀ ਇਕੱਤਰਤਾ ਦੇ ਪ੍ਰਯੋਜਨ ਦਾ ਮਕਸਦ ਡਾ. ਗਾਂਧੀ ( ਪਟਿਆਲ਼ਾ) ਅਤੇ ਮਾਸਟਰ ਬਲਦੇਵ ਸਿੰਘ (ਫਰੀਦਕੋਟ) ਹੋਰਾਂ ਨਾਲ ਕੈਨੇਡੀਅਨ ਪੰਜਾਬੀਆਂ ਦਾ ਆਨ ਲਾਈਨ ਸੰਵਾਦ ਰਚਾਉਣਾ ਸੀ, ਜੋ ਕਿ ਸ਼ਲਾਘਾ ਯੋਗ ਨੇਪਰੇ ਚੜ੍ਹਿਆ। ਉਪਰੋਕਤ ਕਾਰਜ ਦਾ ਔਨ ਲਾਈਨ ਪ੍ਰਬੰਧ ਸ਼੍ਰੀ ਸੁਰਿੰਦਰ ਮਾਵੀ, ਅਮਨ ਪੰਧੇਰ, ਭਗਵੰਤ ਸਿੰਘ, ਵਰਿੰਦਰ ਕੁਮਾਰ ਅਤੇ ਸਮੱਚੀ ਟੀਮ ਨੇ ਬਾਖੂਬ ਨਿਭਾਇਆ। ਇਸ ਕਾਰਜ ਵਿੱਚ ਸਮੁੱਚੇ ਪੰਜਾਬੀਆਂ ਨੇ ਕੇਵਲ ਹਿੱਸਾ ਹੀ ਨਹੀਂ ਲਿਆ, ਬਲਕਿ ਆਪਣੇ ਵੱਲੋਂ ਵਿੱਤੀ ਸਹਾਇਤਾ ਕਰਕੇ ਇਹਨਾਂ ਲੀਡਰਾਂ ਦੀ ਪੂਰਨ ਹਮਾਇਤ, ਇਕਜੁੱਟਤਾ ਦਾ ਭਰਵਾਂ ਮੁਜ਼ਾਹਰਾ ਕੀਤਾ। ਇਸ ਭਰਵੀਂ ਇਕੱਤਰਤਾ ਦੀ ਸ਼ੁਰੂਆਤ ਸ. ਕੁਲਬੀਰ ਸਿੰਘ ਸੰਧੂ ਅਤੇ ਸ ਦਲੀਪ ਸਿੰਘ ਮੁਲਤਾਨੀ, ਜੋ ਕਿ ਕੈਨੇਡਾ ਵਿਖੇ ਪਾਰਟੀ ਦੇ ਪ੍ਰਮੁੱਖ ਕਰਤਾ ਧਰਤਾ ਹਨ ਨੇ ਭਾਵਪੂਰਤ ਸੰਬੋਧਨ ਕੀਤਾ। ਇਸ ਮੀਟਿੰਗ ਦੀ ਟੋਰਾਂਟੋ ਦੇ ਇਲੈਕਟ੍ਰਨਿਕ ਅਤੇ ਪ੍ਰਿੰਟ ਮੀਡੀਆ ਦੇ ਨਾਲੋਂ-ਨਾਲ ਪੰਜਾਬ ਹੈਰੀਟੇਜ ਅਖਬਾਰ ਦੇ ਡਾ. ਭੁਪਿੰਦਰ ਧਾਲੀਵਾਲ ਨੇ ਕਵਰੇਜ ਦਾ ਜਿੰਮਾ ਨਿਭਾਇਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਜੀਤ ਸਿੰਘ ਜੰਜੂਆ ਸਾਂਝਾ ਵਿਰਸਾ ਰੇਡੀਓ ਕੇਨੇਡਾ ਨੇ ਦੱਸਿਆ ਕਿ ਇਸ ਰਾਜਨੀਤਕ ਮਹਿਫ਼ਲ ਵਿੱਚ ਅਵਤਾਰ ਬਰਾੜ ਨੇ ਜਾਗੋ ਰਾਹੀਂ ਅਤੇ ਅਜਮੇਰ ਪਰਦੇਸੀ ਨੇ ਆਪ ਅਤੇ ਵਿਰੋਧੀ ਪਾਰਟੀਆਂ ਦੇ ਖੋਖਲੇਪਨ ਨੂੰ ਕਾਵਿਤਾਵਾਂ ਉਚਾਰਨ ਰਾਹੀਂ ਉਜਾਗਰ ਕੀਤਾ। ਅਹੁਦੇਦਾਰਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਟੀਮ ਮੈਂਬਰਾਂ ਚਰਨਜੀਤ ਚੰਨੀ, ਜਸਬੀਰ ਸਿੰਘ, ਪਰਮਿੰਦਰ ਗਿੱਲ, ਸੁਖਦੇਵ ਪੁੜੈਣ, ਹਰਿੰਦਰ ਕੋਮਲ, ਸਤਵੰਤ ਕੌਰ, ਨਾਜ਼ਰ ਖੰਗੂੜਾ, ਪ੍ਰਭਦਿਆਲ ਸਿੰਘ, ਸਤਵੀਰ ਬਰਾੜ, ਮਨਜੀਤ ਸਿੰਘ, ਗੁਰਦੀਪ ਢਿਲੋਂ, ਮਨਜੀਤ ਢਿਲੋਂ, ਪਰਮਜੀਤ ਮਿਨਹਾਸ, ਹਰਪ੍ਰੀਤ ਰੱਖੜਾ, ਲਖਵਿੰਦਰ ਮਾਵੀ ਆਦਿ ਸੱਜਣਾਂ ਦੀ ਨਿੱਗਰ ਸੋਚ , ਯੋਗਦਾਨ ਅਤੇ ਯਤਨਾਂ ਸਦਕਾ ਕਾਮਯਾਬ ਹੋਏ ਹਾਂ।ਅੰਤ ਵਿੱਚ ਸਾਰਿਆਂ ਦਾ ਉਚੇਚੇ ਤੌਰ ਧੰਨਵਾਦ ਕੀਤਾ ਗਿਆ।



# ਮਲਕੀਅਤ ਮੀਤ ਦੀ ਪੁਸਤਕ "ਕੀ ਰੱਬ ਮਰ ਗਿਐ?" ਲੋਕ ਅਰਪਣ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੌਲੀਵੁੱਡ ਤੋਂ ਹੌਲੀਵੁੱਡ ਤੱਕ ਫਿਲਮ ਜਗਤ ਵਿੱਚ ਬਤੌਰ ਅਦਾਕਾਰ, ਡਾਇਰੈਕਟਰ ਅਤੇ ਗੀਤਕਾਰ ਆਪਣੀ ਪਹਿਚਾਣ ਬਣਾ ਚੁੱਕੇ ਮਲਕੀਅਤ ਮੀਤ ਦੀ ਵਾਰਤਕ ਪੁਸਤਕ "ਕੀ ਰੱਬ ਮਰ ਗਿਐ?" ਫਰਿਜ਼ਨੋ ਵਿਖੇ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਵਿਚਲੇ ਲੇਖ ਮਲਕੀਤ ਮੀਤ ਦੀ ਜ਼ਿੰਦਗੀ ਦੇ ਅਚਨਚੇਤ ਮੌਤ ਵਿੱਚ ਬੀਤੇ ਪਲਾਂ ਦੀ ਅਸਲੀਅਤ ਅਤੇ ਦੁਬਾਰਾ ਤੋਂ ਪਰਮਾਤਮਾ ਵੱਲੋਂ ਬਖਸ਼ੀ ਜਿੰਦਗੀ ਦੇ ਤਜਰਬਿਆਂ ਦੇ ਅਧਾਰਤ ਹਨ।

ਇਸ ਤੋਂ ਇਲਾਵਾ ਸਮਾਜਿਕ ਅਸੰਤੁਲਨ ਅਤੇ ਰੱਬ ਦੀ ਹੋਂਦ ਮੰਨਦੇ ਹੋਏ ਵੀ ਇਨਸਾਨੀ ਜ਼ੁਲਮ ਦੀ ਤ੍ਰਾਸਦੀ ਦਾ ਜ਼ਿਕਰ ਹੈ। ਪੁਸਤਕ ਪੜਨਯੋਗ ਹੈ ਅਤੇ ਜ਼ਿੰਦਗੀ ਦੇ ਛਿਪੀ ਹਕੀਕਤ ਦੇ ਪਰਦੇ ਖੋਲਦੀ ਹੈ। ਫਰਿਜ਼ਨੋ ਡਰੀਮਜ਼ ਦੇ ਸਟੂਡੀਉ ਵਿੱਚ ਹੋਏ ਰਸਮੀ ਪ੍ਰੋਗਰਾਮ ਦੇ ਪਹਿਲੇ ਪੜਾਅ ਵਿੱਚ ਪੰਜਾਬੀ ਸਾਹਿੱਤ ਸਭਾ, ਵਿਸ਼ਵ ਪੰਜਾਬੀ ਸਾਹਿੱਤ ਅਕਾਦਮੀ ਦੇ ਨੁਮਾਇੰਦਗੇ ਅਤੇ ਹੋਰ ਗਾਇਕ ਅਤੇ ਗੀਤਕਾਰ ਸਾਮਲ ਸਨ। ਪ੍ਰਮੁੱਖ ਬੁਲਾਰਿਆ ਵਿੱਚ ਡਾ. ਗੁਰੂਮੇਲ ਸਿੰਘ ਸਿੱਧੂ, ਸੰਤੋਖ ਸਿੰਘ ਮਿਨਹਾਸ, ਹਰਜਿੰਦਰ ਕੰਗ, ਡਾ. ਅਰਜੁਨ ਸਿੰਘ ਜ਼ੋਸਨ, ਅਵਤਾਰ ਗੋਦਾਰਾ, ਪੱਤਰਕਾਰ ਨੀਟਾ ਮਾਛੀਕੇ, ਤਰਨ ਸਿੰਘ, ਵਕੀਲ ਵਿਵੇਕ ਮਲਕ, ਜਸਵੰਤ ਮਹਿਮੀ, ਬਲਵੀਰ ਢਿੱਲੋ, ਮਾਤਾ ਸਤਵੰਤ ਕੌਰ ਗਰੇਵਾਲ, ਰਵਿੰਦਰਜੀਤ ਸਿੰਘ ਗਿੱਲ, ਦਵਿੰਦਰ ਕੌਰ ਸੰਘਾ ਆਦਿਕ ਨੇ ਹਾਜ਼ਰੀ ਭਰੀ। ਜਦ ਕਿ ਦੂਜੇ ਪੜਾਅ ਦੌਰਾਨ ਗਾਇਕਾ ਵਿੱਚ ਧਰਮਵੀਰ ਥਾਂਦੀ, ਜੋਤ ਰਣਜੀਤ ਕੌਰ, ਬੱਲੂ ਸਿੰਘ, ਅਵਤਾਰ ਗਰੇਵਾਲ, ਰਾਜੇਸ਼ ਰਾਜੂ, ਤੇਜ਼ੀ ਪੱਡਾਂ, ਜਗਦੇਵ ਸਿੰਘ ਧੰਜਲ ਨੇ ਖੂਬ ਰੰਗ ਬੰਨੇ। ਸਟੇਜ਼ ਸੰਚਾਲਨ ਕੁਲਵੰਤ ਉੱਭੀ ਨੇ ਬਾਖੂਬੀ ਕੀਤਾ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਬਤੌਰ ਗੀਤਕਾਰ ਮਲਕੀਅਤ ਮੀਤ ਦੇ ਗੀਤ ਬਹੁਤ ਸਾਰੇ ਨਾਮਵਰ ਗਾਇਕ ਗਾ ਚੁੱਕੇ ਹਨ।

ਇਸ ਤੋਂ ਇਲਾਵਾ ਬਹੁਤ ਸਾਰੇ ਨਾਟਕਾਂ ਅਤੇ ਫਿਲਮਾਂ ਵਿੱਚ ਵੀ ਬਤੌਰ ਅਦਾਕਾਰ ਅਤੇ ਡਾਇਰੈਕਟਰ ਕੰਮ ਕਰ ਚੁੱਕਾ ਹੈ। ਭਵਿੱਖ ਵਿੱਚ ਰਿਲੀਜ਼ ਹੋਣ ਜਾ ਰਹੀ "ਸ਼ਹੀਦ ਕਰਤਾਰ ਸਿੰਘ ਸਰਾਭਾ" ਦੀ ਜ਼ਿੰਦਗੀ 'ਤੇ ਅਧਾਰਤ ਬਣੀ ਪੰਜਾਬੀ ਫਿਲਮ ਵਿੱਚ ਇਸਦੀ ਅਦਾਕਾਰੀ ਦੇਖਣ ਨੂੰ ਮਿਲੇਗੀ। ਅੰਤ ਸਾਹਿੱਤਕ ਬਾਤਾਂ ਪਾਉਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

## ਸਵ: ਅਵਤਾਰ ਸਿੰਘ ਬੱਲ ਨੂੰ ਸਮਰਪਿਤ ਸਲਾਨਾ ਵਿਸਾਖੀ ਕਬੱਡੀ ਕੱਪ ਚ' ਅੰਤਰ-ਰਾਸ਼ਟਰੀ ਪਾਵਰਲਿਫ਼ਟਰ ਅਜੇ ਗੋਗਨਾ ਭੁਲੱਥ ਦਾ ਦੋ ਲੱਖ ਰੂਪੈਂ ਨਾਲ ਵਿਸ਼ੇਸ਼ ਸਨਮਾਨ

**ਕਪੂਰਥਲਾ/ਭੁਲੱਥ 15 ਅਪ੍ਰੈਲ ( ਬਿਊਰੋ)–** ਬੀਤੇਂ ਦਿਨ ਵਿਸਾਖੀ ਦੇ ਸ਼ੁਭ ਮੋਕੇ ਤੇ ਭੁਲੱਥ ਵਿਖੇਂ 51ਵੇਂ ਸਾਲ ਚ' ਪ੍ਰਵੇਸ਼ ਹੋਏ ਭੁਲੱਥ ਦੀ ਨੈਸ਼ਨਲ ਸਪੋਰਟਸ ਕਲੱਬ ਵੱਲੋਂ ਹੋਏ ਵਿਸ਼ਾਲ ਕਬੱਡੀ ਮਹਾਕੁੰਭ ਖੇਡ ਮੇਲਾ ਕਲੱਬ ਦੇ ਰਹੇ ਪਹਿਲੇ



ਪ੍ਰਧਾਨ ਸਵ: ਅਵਤਾਰ ਸਿੰਘ ਬੱਲ ਨੂੰ ਸਮਰਪਿਤ ਇਕ ਵਿਸ਼ਾਲ ਕਬੱਡੀ ਕੱਪ ਨੈਸ਼ਨਲ ਸਟੇਡੀਅਮ ਨੇੜੇ ਗੁਰਦੁਆਰਾ ਸੰਤਸਰ ਸਾਹਿਬ ਬਾਈਪਾਸ ਭੁਲੱਥ ਵਿਖੇਂ ਹੋਇਆਂ ਜਿਸ ਵਿੱਚ ਕਬੱਡੀ ਦੀਆਂ ਨਾਮਵਰ ਟੀਮਾਂ ਨੇ ਭਾਗ ਲਿਆ ਕਲੱਬ ਵੱਲੋਂ ਜੇਤੂ ਟੀਮਾਂ ਨੂੰ ਪਹਿਲਾ ਨਗਦ ਇਨਾਮ ਇਕ ਲੱਖ ਰੂਪੈ ਅਤੇ ਦੂਸਰਾ ਇਨਾਮ 71,000 ਹਜ਼ਾਰ ਸੀ। ਇਸ ਮੋਕੇ ਮਾਰਚ ਮਹੀਨੇ ਚ' ਆਸਟ੍ਰੇਲੀਆ ਦੇ ਗੋ.ਲਡ ਕੋਸਟ ਸ਼ਹਿਰ ਵਿਖੇ ਹੋਈ ਏਸ਼ੀਅਨ ਪਾਵਰਲਿਫਟਿਗ ਦੇ ਮੁਕਾਬਲਿਆਂ ਚ' ਭੁਲੱਥ ਦਾ ਮਾਣ ਵਧਾਉਣ ਵਾਲੇ ਗੋ.ਲਡ ਮੈਡਲ ਜੇਤੂ ਪਾਵਰਲਿਫਟਰ ਅਜੇਂ ਗੋਗਨਾ ਸਪੁੱਤਰ ਪਰਵਾਸੀ ਸੀਨੀਅਰ ਪੱਤਰਕਾਰ ਰਾਜ ਗੋਗਨਾ ਨੂੰ ਵਿਸ਼ਾਲ ਵਿਸਾਖੀ ਕਬੱਡੀ ਕੱਪ ਤੇ ਕਲੱਬ ਦਾ ਯਾਦਗਰੀ ਚਿੰਨ ਟਰਾਫੀ ਦੇ ਨਾਲ ਦੋ ਲੱਖ ਰੁਪਏ 2,00000 ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ। ਬੁਲਾਰਿਆਂ ਨੇ ਜਿੰਨਾਂ 'ਚ ਹੋਰਨਾਂ ਤੋਂ ਇਲਾਵਾਂ ਕਾਂਗਰਸ ਪਾਰਟੀ ਦੇ ਹਲਕਾ ਭੁਲੱਥ ਤੋਂ ਇੰਚਾਰਜ ਰਣਜੀਤ ਸਿੰਘ ਰਾਣਾ, ਸਪੋਰਟਸ ਕਲੱਬ ਦੇ ਪ੍ਰਧਾਨ ਸਰਵਨ ਸਿੰਘ ਬੱਲ, ਨੰਬਰਦਾਰ ਰਣਜੀਤ ਸਿੰਘ ਰਿੰਪੀ, ਨੈਸ਼ਨਲ ਕਬੱਡੀ ਖਿਡਾਰੀ ਕਾਲਾ ਬਾਗੜੀਆਂ ਅਤੇ ਇਲਾਕੇ ਦੀਆਂ ਹੋਰ ਪਮੁੱਖ ਸ਼ਖ਼ਸੀਅਤਾ ਨੇ ਅਜੇਂ ਗੋਗਨਾ ਦੀਆ ਪ੍ਰਾਪਤੀਆਂ ਤੇ ਸੂਬੇ, ਅਤੇ ਭੁਲੱਥ ਇਲਾਕੇ ਨੂੰ ਇਸ ਖਿਡਾਰੀ ਪ੍ਰਤੀ ਪੂਰੇ ਮਾਣ ਦੀ ਵੀ ਗੱਲ ਕਹੀ।

# ਰਜਿੰਦਰ ਪਾਲ ਸਿੰਘ ਬਾਜਵਾ ਸੀਨੀਅਰ ਸਿਟੀਜ਼ਨ ਕੌਂਸਲ ਦੇ ਨਵੇ ਪ੍ਰਧਾਨ ਬਣੇ



**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਸੀਨੀਅਰ ਸਿਟੀਜ਼ਨ ਕੌਂਸਲ ਸੰਨੀ ਇਨਕਲੇਵ ਖਰੜ ਦੇ ਪ੍ਰਧਾਨ ਦੀ ਚੋਣ ਕਰਵਾਈ ਗਈ। ਪਹਿਲੇ ਪ੍ਰਧਾਨ ਨਿਰਮਲ ਸਿੰਘ ਅਟਵਾਲ ਦੀ ਮਿਆਦ ਖਤਮ ਹੋਣ ਕਰਕੇ ਸੰਸਥਾ ਦੇ ਸੰਵਿਧਾਨ ਅਨੁਸਾਰ ਸਾਰੀਆਂ ਰਸਮੀ ਕਾਰਵਾਈਆਂ ਨੂੰ ਮੱਦੇ ਨਜ਼ਰ ਰੱਖ ਕੇ ਸੰਸਥਾ ਵਲੋਂ ਸ੍ਰੀ ਏ. ਪੀ. ਸ਼ਰਮਾ ਅਸਿਸਟੈਂਟ ਅਬਜ਼ਰਵਰ ਅਤੇ ਸ੍ਰੀ ਤਰਸੇਮ ਗੁਪਤਾ ਅਬਜਰਵਰ ਦੀ ਅਗਵਾਈ ਤੇ ਦੇਖ-ਰੇਖ ਹੇਠ ਸੰਸਥਾ ਦੀ ਚੋਣ ਕਰਵਾਈ ਗਈ। ਜਿਸ ਵਿੱਚ ਸਮੂਹ ਮੈਂਬਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰੈਸ ਸਕੱਤਰ ਸ. ਧਿਆਨ ਸਿੰਘ ਕਾਹਲੋਂ ਨੇ ਦੱਸਿਆ ਕਿ ਕੁੱਲ ਵੋਟਾਂ 159 ਪਈਆਂ, ਜਿਸ ਵਿਚੋਂ 3 ਵੋਟਾਂ ਰੱਦ ਹੋ ਗਈਆਂ। ਬਾਕੀ 156 ਵੋਟਾਂ ਵਿਚੋਂ ਸ੍ਰੀ ਰਜਿੰਦਰ ਪਾਲ ਸਿੰਘ ਬਾਜਵਾ ਨੂੰ 128 ਅਤੇ ਸ੍ਰੀ ਤ੍ਰਿਲੋਕ ਸਿੰਘ ਜੱਸੜ ਨੂੰ 28 ਵੋਟਾਂ ਪਈਆਂ। ਸ੍ਰੀ ਰਜਿੰਦਰ ਪਾਲ ਸਿੰਘ ਬਾਜਵਾ ਨੇ 100 ਵੋਟਾਂ ਨਾਲ ਤ੍ਰਿਲੋਕ ਸਿੰਘ ਜੱਸੜ ਨੂੰ ਹਰਾਇਆ। ਸੰਵਿਧਾਨ ਦੇ ਅਨੁਸਾਰ ਸ੍ਰੀ ਰਜਿੰਦਰ ਪਾਲ ਸਿੰਘ ਬਾਜਵਾ ਜੀ ਨੂੰ ਸੰਸਥਾ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਤੇ ਸ੍ਰੀ ਬਾਜਵਾ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਧਿਆਨ ਸਿੰਘ ਕਾਹਲੋਂ, ਬਲਦੇਵ ਸਿੰਘ, ਦਰਸ਼ਨ ਸਿੰਘ ਵੜੈਚ, ਏ. ਪੀ. ਸ਼ਰਮਾ, ਤਰਸੇਮ ਗੁਪਤਾ, ਗੁਰਚਰਨ ਸਿੰਘ ਟੌਹੜਾ, ਨਾਜ਼ਰ ਸਿੰਘ, ਵਿਨੋਦ ਸ਼ਰਮਾ, ਗਿਆਨ ਸਿੰਘ ਬਾਜਵਾ, ਰਣਜੀਤ ਸਿੰਘ, ਭੁਪਿੰਦਰ ਗਰੇਵਾਲ, ਦਵਿੰਦਰ ਸਿੰਘ, ਕੇ. ਕੇ. ਬਾਂਸਲ, ਬੀ. ਆਰ. ਰੰਗਾੜਾ, ਅੰਮ੍ਰਿਤ ਲਾਲ ਵਰਮਾ, ਸੁਕਰਮਨ ਸਿੰਘ ਧਨੋਆ, ਅਜਮੇਰ ਸਿੰਘ ਬਰਾੜ, ਭੁਪਿੰਦਰ ਕੁਮਾਰ, ਗੁਰਚਰਨ ਸਿੰਘ, ਪ੍ਰਦੀਪ ਕੁਮਾਰ ਸ਼ਰਮਾ, ਵਤਨੀ, ਹਰੀਸ਼ ਸ਼ਰਮਾ ਅਤੇ ਸੇਵੀ ਰਾਇਤ ਵੀ ਹਾਜ਼ਰ ਸਨ।

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਡ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



## KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM




ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM



# ਨਿਊਵਾਰਕ 'ਚ ਮਨਾਇਆ ਗਿਆ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ.ਅੰਬੇਡਕਰ ਦਾ 128ਵਾਂ ਜਨਮ ਦਿਹਾੜਾ

**ਨਿਊਵਾਰਕ (ਬਿਓਰੋ)-** ਡਾ. ਬੀ.ਆਰ ਅੰਬੇਡਕਰ ਐਜੂਕੇਸ਼ਨ ਸੁਸਾਇਟੀ ਅਤੇ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਲੋਂ ਇੱਥੇ ਓਆਇਸਸ ਹਾਲ ਵਿਚ ਭਾਰਤੀ ਸੰਵਿਧਾਨ ਦੇ ਜਨਮਦਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦਾ 128ਵਾਂ ਜਨਮ ਦਿਹਾੜਾ ਬੜੇ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਡਾ. ਅੰਬੇਡਕਰ ਨਾ ਸਿਰਫ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ ਸਗੋਂ ਉਹਨਾਂ ਨੇ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ, ਔਰਤ ਦੇ ਸਨਮਾਨ ਲਈ ਚੇਤਨਾ ਪੈਦਾ ਕਰਨ ਅਤੇ ਸਮਾਜਿਕ ਨਾਬਰਾਬਰੀ ਖਤਮ ਕਰਨ ਲਈ ਇਕ ਤਰ੍ਹਾਂ ਨਾਲ ਇਨਕਲਾਬੀ ਰੋਲ ਅਦਾ ਕੀਤਾ। ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਇਸ ਗੱਲ ਨੂੰ ਦੁਹਰਾਇਆ ਕਿ ਉਨ੍ਹਾਂ ਨੇ ਸੰਵਿਧਾਨ ਵਿਚ ਹੱਕਾਂ ਦੱਬੇ ਕੁਚਲੇ ਲੋਕਾਂ ਨੂੰ ਸਨਮਾਨ ਨਾਲ ਜ਼ਿੰਦਗੀ ਜਿਊਣ ਦੇ ਹੱਕ ਦੇ ਕੇ ਜਾਤੀ ਪ੍ਰਥਾ ਵਿਚ ਫਸੇ ਭਾਰਤੀ ਸਮਾਜ ਨੂੰ ਇਸ ਜਿੱਲਣ 'ਚੋਂ ਨਿਕਲਣ ਦਾ ਇਕ ਸੰਕਲਪ ਪੈਦਾ ਕਰਕੇ ਦਿੱਤਾ ਅਤੇ ਕਿਹਾ ਕਿ ਜੇ ਸੰਵਿਧਾਨ ਚੰਗਾ ਹੋਵੇ ਤੇ ਉਸਨੂੰ ਲਾਗੂ ਕਰਨ ਵਾਲੇ ਲੋਕਾਂ ਦੀ ਨੀਅਤ ਵਿਚ ਖੋਟ ਹੋਵੇ ਤਾਂ ਸੰਵਿਧਾਨ ਆਪਣੇ ਮਿਸ਼ਨ ਤੋਂ ਪਰ੍ਹਾਂ ਚਲਾ ਜਾਵੇਗਾ, ਤੇ ਜੇ ਸੰਵਿਧਾਨ ਮਾੜਾ ਵੀ ਹੋਵੇ ਤੇ ਉਸਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਹੋਣ ਤਾਂ ਸੰਵਿਧਾਨ ਦੇਸ਼ ਦਾ ਮੂੰਹ ਮੁਹਾਂਦਰਾ ਅਤੇ ਸਮੁੱਚਾ ਪ੍ਰਬੰਧ ਹੀ ਬਦਲਣ ਦੇ ਸਮਰੱਥ ਹੁੰਦਾ ਹੈ। ਕਈ ਬੁਲਾਰਿਆਂ ਨੇ ਭਾਰਤ ਦੀ ਮੌਜੂਦ ਰਾਜਨੀਤਕ ਵਿਵਸਥਾ, ਆਰ.ਐੱਸ.ਐੱਸ ਤੇ ਭਾਰਤੀ ਜਨਤਾ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਸੰਵਿਧਾਨ ਨਾਲ ਛੇੜ ਛਾੜ ਕਰ ਰਹੇ ਹਨ ਜਿਸ ਨਾਲ ਘੱਟ ਗਿਣਤੀ ਲੋਕਾਂ ਅਤੇ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਲੋਕਾਂ ਦੇ ਹੱਕਾਂ 'ਤੇ ਡਾਕਾ ਵੱਜੇਗਾ। ਮੂਲ ਭਾਰਤੀ ਲੋਕ ਇਸ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ। ਅਮਰੀਕ ਚੰਦ ਲਾਖਾ, ਰਾਮ ਮੂਰਤੀ ਸਰੋਏ ਅਤੇ ਵਿਨੋਦ ਕੁਮਾਰ ਚੁੰਬਰ ਹੁਰਾਂ ਦੇ ਯਤਨਾਂ ਨਾਲ ਇਸ ਸਮਾਗਮ ਵਿਚ ਨਾ ਸਿਰਫ ਪੰਜਾਬੀ ਸਗੋਂ ਦੱਖਣੀ ਭਾਰਤੀ ਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਬੁਲਾਰਿਆਂ ਵਿਚ ਅਮਰ ਦੜੋਚ, ਦਸ਼ਵਿੰਦਰਪਾਲ, ਵਿਨੋਦ ਚੁੰਬਰ, ਅਮਰੀਕ ਚੰਦ ਲਾਖਾ, ਬਲਵੀਰ ਥਿੰਦ, ਦੀਪਕ ਸਰੋਆ, ਕਾਰਤਿਕ, ਡਾ. ਹਰਮੇਸ਼ ਕੁਮਾਰ, ਰਾਮ ਕੁਮਾਰ, ਡਾ. ਰਮੇਸ਼ ਜਾਪਰਾ, ਅੰਕਿਤ ਗਟਵਈਆ ਦੇ ਨਾਮ ਵਿਸ਼ੇਸ਼ ਹਨ ਜਦੋਂ ਕਿ ਪ੍ਰਧਾਨਗੀ ਮੰਡਲ ਵਿਚ ਵਾਨੀਸਾ ਰੂਸਲ, ਅਨਿਲ ਵਾਰਗੇ ਤੇ ਅਮਰੀਕ ਚੰਦ ਲਾਖਾ ਸੁਸ਼ੋਭਿਤ ਸਨ। ਇਸ ਮੌਕੇ 'ਤੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਵਲੋਂ ਭਾਰਤੀ ਨ੍ਰਿਤਾਂ ਦੀ ਪੇਸ਼ਕਾਰੀ ਕੀਤੀ ਗਈ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਅਤੇ ਫਿਲਾਸਫੀ ਤੇ ਵੱਖ ਵੱਖ ਬੱਚਿਆਂ ਦੇ ਭਾਸ਼ਣ ਮੁਕਾਬਲਿਆਂ ਵਿਚ ਜੇਤੂ ਰਹਿਣ ਵਾਲਿਆਂ ਨੂੰ ਇਨਾਮ ਮੋਨਿਕਾ ਚੁੰਬਰ ਨੇ ਪ੍ਰਦਾਨ ਕੀਤੇ।



















ਬੀ. ਐਸ. ਪੀ. ਯੂਨਿਟ ਨਿਊਯਾਰਕ, ਬੀ. ਐਸ. ਪੀ. ਸਮਰਥਕ ਮਹਾਤਮਾ ਜੋਤੀਬਾ ਫੂਲੇ, ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਸੰਯੁਕਤ ਜਨਮ ਦਿਨ 14 ਅਪ੍ਰੈਲ 2019 ਨੂੰ ਮਨਾਏ ਜਾਣ ਤੋਂ 1 ਦਿਨ ਪਹਿਲਾਂ 13 ਅਪ੍ਰੈਲ 2019 ਨੂੰ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਨਾਲ (ਜਿੱਥੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਉਚ ਵਿੱਦਿਆ ਹਾਸਲ ਕੀਤੀ ਅਤੇ ਇਸੇ ਹੀ ਯੂਨੀਵਰਸਿਟੀ ਦੀ ਲਾਇਬ੍ਰੇਰੀ ਜਿੱਥੇ ਬਾਬਾ ਸਾਹਿਬ ਦਾ ਬੁੱਤ ਲੱਗਿਆ ਹੋਇਆ ਹੈ) ਕੋਲੰਬੀਆ ਯੂਨੀਵਰਸਿਟੀ, ਨਿਊਯਾਰਕ ਵਿਖੇ। *(ਹੋਰ ਤਸਵੀਰਾਂ ਅਤੇ ਰਿਪੋਰਟ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀ ਜਾਵੇਗੀ)*


ਲਾਇਬ੍ਰੇਰੀ ਦੇ ਅੰਦਰ ਦਾ ਦ੍ਰਿਸ਼



ਲਾਇਬ੍ਰੇਰੀ ਦੇ ਬਾਹਰ ਖੜ੍ਹੇ ਸਾਰੇ ਬਸਪਾ ਸਮਰਥਕ



ਉਹ ਸਥਾਨ ਜਿੱਥੇ ਬਾਬਾ ਸਾਹਿਬ ਆਪਣੀ ਪੜ੍ਹਾਈ ਦੌਰਾਨ ਕਿਰਾਏ 'ਤੇ ਰਹਿੰਦੇ ਸਨ।


ਯੂਨੀਵਰਸਿਟੀ ਨੂੰ ਜਾਂਦੇ ਮਾਰਗ ਤੇ ਮਾਰਚ ਕਰਦੇ ਹੋਏ ਬਸਪਾ ਸਮਰਥਕ।


14 ਅਪ੍ਰੈਲ ਨੂੰ ਉਪਰੋਕਤ ਮਹਾਂਪੁਰਸ਼ਾਂ ਦੇ ਜਨਮ ਦਿਨ ਮਨਾਉਣ ਸਮੇਂ ਬਸਪਾ ਸਮਰਥਕਾਂ ਦੀ ਇਕ ਤਸਵੀਰ।

# ਨਿਊਯਾਰਕ 'ਚ ਮਨਾਇਆ ਗਿਆ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ.ਅੰਬੇਡਕਰ ਦਾ 128ਵਾਂ ਜਨਮ ਦਿਹਾੜਾ





















# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਖਾਲਸਾ ਸਾਜਨਾ ਦਿਵਸ ਵਿਸਾਖੀ ’ਤੇ ਸਿਟੀ ਆਫ ਹੌਲੀਓਕ ’ਚ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਗਏ

**ਹੌਲੀਓਕ, ਅਮਰੀਕਾ (ਹੁਸਨ ਲੜੋਆ ਬੰਗਾ)–** ਮੈਸਾਚੂਸੈਂਸ ਸਟੇਟ ਦੇ ਸ਼ਹਿਰ ’ਸਿਟੀ ਆਫ ਹੌਲੀਓਕ’ ਵਿਚ ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਅਮਰੀਕਾ ਦੇ ਝੰਡੇ ਨਾਲ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਗਏ। ਝੰਡਾ ਲਹਿਰਾਉਣ ਦੀ ਰਸਮ ਸਿਟੀ ਆਫ ਹੌਲੀਓਕ ਦੇ ਮੇਅਰ ਐਲਕਸ ਬੀ. ਮੋਰਸ ਅਤੇ ਸਿੰਘ ਸਾਹਿਬ ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ ਨੇ ਨਿਭਾਈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਬੈਨਰ ਹੇਠ ਕਰਵਾਏ ਗਏ ਇਸ ਸਮਾਗਮ ਦਿਆਂ ਪ੍ਰਬੰਧਾਂ ਦੀ ਮੋਹਰੀ ਭੂਮਿਕਾ ਸਿੱਖ ਕੋਆਰਡੀਨੇਟਸ਼ਨ ਕਮੇਟੀ ਈਸਟ ਕੋਸਟ ਦੇ ਸਟੇਟ ਸਪੋਕਸਮੈਨ ਗੁਰਵਿੰਦਰ ਸਿੰਘ ਧਾਲੀਵਾਲ ਨੇ ਬਾਖ਼ੂਬੀ ਨਿਭਾਈ। ਇਸ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਮੈਨੀ ਫੈਬੋ ਚੀਫ ਆਫ ਪੁਲਿਸ, ਐਰੋਨ ਵੇਗਾ ਸਟੇਟ ਰੀਪਰਜ਼ੈਂਟੇਟਿਵ, ਐਲਿਜ਼ਬੈਥ ਏ ਵਾਰਨ ਯੂਨਾਈਟਡ ਸਟੇਟ ਸੈਨੇਟਰ, ਸਿੱਖ ਕੋਆਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ, ਸਿੰਘ ਸਾਹਿਬ



ਜਥੇਦਾਰ ਜਗਤਾਰ ਸਿੰਘ ਹਵਾਰਾ ਦੇ ਵਕੀਲ ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ, ਬਲਾਕਾ ਸਿੰਘ, ਬਲਜਿੰਦਰ ਸਿੰਘ, ਡਾ. ਰਣਜੀਤ ਸਿੰਘ, ਕੁਲਦੀਪ ਸਿੰਘ, ਹਿਰਦੇਪਾਲ ਸਿੰਘ, ਅਮਰਿੰਦਰ ਸਿੰਘ, ਗੁਰਦਿਆਲ ਸਿੰਘ ਸਿੱਖ ਫਾਰ ਜਸਟਿਸ, ਹਰਜਿੰਦਰ ਸਿੰਘ ਪਾਈਨਹਿਲ, ਜੁਗਰਾਜ ਸਿੰਘ, ਕੇਵਲ ਸਿੰਘ ਫਿਲਾਡਾਲਫੀਆ ਵੀ ਹਾਜ਼ਰ ਸਨ। ਇਸ ਮੌਕੇ ਉਪਰੋਕਤ ਸਖਸ਼ੀਅਤਾਂ ਨੇ ਆਪਣੇ ਸੰਬੋਧਨੀ ਭਾਸ਼ਣ ਵਿਚ ਸਿੱਖ ਕੌਮ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਜਾਣਕਾਰੀ ਦਿੱਤੀ ਕਿ 14 ਅਪ੍ਰੈਲ ਦਾ ਦਿਨ ਪੱਕੇ ਤੌਰ ਤੇ ਮੈਸਾਚੂਸੈਂਸ ਸਟੇਟ ਵਿਚ ਖਾਲਸਾ ਦਿਵਸ ਨੂੰ ਸਮਰੱਪਿਤ ਕਰਾਰ ਦਿੱਤਾ ਗਿਆ ਅਤੇ ਅਪ੍ਰੈਲ ਮਹੀਨਾ ਪਹਿਲਾਂ ਹੀ ਇਸ ਸਟੇਟ ਵਲੋਂ ’ਸਿੱਖ ਅਵੇਅਰਨੈਂਸ ਮੰਥ’ ਵਲੋਂਹੁਸਨ ਪਾਸ ਕੀਤਾ ਜਾ ਚੁੱਕਾ ਹੈ। ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜਾਣ ਕਾਰਨ ਸਿੱਖ ਭਾਈਚਾਰੇ ਵਿਚ ਖੁਸ਼ੀ ਅਤੇ ਮਾਣ ਮਹਿਸੂਸ ਕੀਤਾ ਜਾ ਰਿਹਾ ਹੈ।

# ਚੋਣ ਜ਼ਾਬਤੇ ਦੀ ਉਲੰਘਣਾ ’ਚ ਫਸੇ ਨਵਜੋਤ ਸਿੱਧੂ ਖ਼ਿਲਾਫ਼ ਕੇਸ ਦਰਜ

**ਕਟਿਹਾਰ (ਬਿਹਾਰ), (ਬਿਊਰੋ)–** ਚੋਣ ਕਮਿਸ਼ਨ ਦੀ ਸਖ਼ਤੀ ਨੂੰ ਟਿੱਚ ਜਾਣਦਿਆਂ ਕਾਂਗਰਸੀ ਆਗੂ ਤੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬਿਹਾਰ ਦੇ ਕਟਿਹਾਰ ’ਚ ਸਿੱਧੇ ਤੌਰ ’ਤੇ ਮੁਸਲਮਾਨਾਂ ਨੂੰ ਇਕਜੁੱਟ ਹੋ ਕੇ ਕਾਂਗਰਸ ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮਾਮਲੇ ’ਚ ਸਿੱਧੂ ’ਤੇ ਚੋਣ ਜ਼ਾਬਤੇ ਦੀ



ਉਲੰਘਣਾ ਦਾ ਕੇਸ ਦਰਜ ਕਰਵਾਇਆ ਗਿਆ ਹੈ। ਬਾਰਸੋਈ ਦੇ ਐੱਸਡੀਪੀਓ ਪੰਕਜ ਕੁਮਾਰ ਨੇ ਦੱਸਿਆ ਕਿ ਉਡਣ ਦਸਤੇ ਦੇ ਰਾਜੀਵ ਰੰਜਨ ਨੇ ਐੱਫਆਈਆਰ ਦਰਜ ਕਰਵਾਈ ਹੈ। ਸਿੱਧੂ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਮੁਸਲਮਾਨਾਂ ਨੂੰ ਕਿਹਾ ਕਿ ਤੁਸੀਂ 64 ਫ਼ੀਸਦੀ ਹੋ। ਇਕਜੁੱਟ ਹੋ ਕੇ ਵੋਟਾਂ ਪਾਈਆਂ ਤਾਂ ਮੋਦੀ ਹਿੱਲ ਜਾਣਗੇ। ਸਿੱਧੂ ਦੇ ਇਸ ਬਿਆਨ ਤੋਂ ਬਾਅਦ ਚੋਣ ਜ਼ਾਬਤੇ ਦੇ ਨੋਡਲ ਅਧਿਕਾਰੀ ਸਹਿ ਡੀਡੀਸੀ ਅਮਿਤ ਕੁਮਾਰ ਪਾਂਡੇ ਨੇ ਇਸ ਦਾ ਨੋਟਿਸ ਲੈਂਦੇ ਹੋਏ ਸਥਾਨਕ ਅਧਿਕਾਰੀ ਤੋਂ ਭਾਸ਼ਣ ਦੀ ਸੀਡੀ ਮੰਗੀ ਸੀ। ਇਸ ਤੋਂ ਬਾਅਦ ਸਿੱਧੂ ਨੇ ਭਾਜਪਾ ’ਤੇ ਫ਼ੌਜ ਦੀ ਸ਼ਹਾਦਤ ’ਤੇ ਸਿਆਸਤ ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਸੀ ਕਿ ਉਹ ਇਸ ਦੀ ਓਟ ਵਿਚ ਵੋਟਾਂ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਜਦਕਿ ਅੱਤਵਾਦੀ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਅਸਤੀਫ਼ਾ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇੱਥੋਂ ਦੀ ਫ਼ੌਜ ਮੋਦੀ ਦੀ ਨਹੀਂ, ਬਲਕਿ ਹਿੰਦੋਸਤਾਨ ਦੀ ਫ਼ੌਜ ਹੈ।

# ਚੋਣ ਕਮਿਸ਼ਨ ਵੱਲੋਂ ਯੋਗੀ, ਮਾਇਆਵਤੀ, ਆਜ਼ਮ ਖਾਨ ਤੇ ਮੇਨਕਾ ਗਾਂਧੀ ’ਤੇ ਪਾਬੰਦੀ

**ਨਵੀਂ ਦਿੱਲੀ–** ਚੋਣ ਪ੍ਰਚਾਰ ਕੀਤੀਆਂ ਜਾ ਰਹੀਆਂ ਵਿਵਾਦਤ ਤੇ ਨਫਰਤ ਫੈਲਾਊ ਟਿੱਪਣੀਆਂ ਦਾ ਨੋਟਿਸ ਲੈਂਦਿਆਂ ਚੋਣ ਕਮਿਸ਼ਨ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ, ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖ਼ਾਨ ਤੇ ਭਾਜਪਾ ਆਗੂ ਮੇਨਕਾ ਗਾਂਧੀ ਵੱਲੋਂ ਦੇਸ਼ ਭਰ ਚੋਣ ਪ੍ਰਚਾਰ ਕੀਤੇ ਜਾਣ ’ਤੇ ਪਾਬੰਦੀ ਲਗਾ ਦਿੱਤੀ ਹੈ। ਚੋਣ ਕਮਿਸ਼ਨ ਵੱਲੋਂ ਇਸ ਤਰ੍ਹਾਂ ਦਾ ਲਿਆ ਗਿਆ ਇਹ ਪਹਿਲਾ ਫੈਸਲਾ ਹੈ। ਦੂਜੇ ਪਾਸੇ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਵੱਲੋਂ ਯੋਗੀ ਤੇ ਮਾਇਆਵਤੀ ਖ਼ਿਲਾਫ਼ ਹੁਣ ਤੱਕ ਕੀਤੀ ਗਈ ਕਾਰਵਾਈ ਤੋਂ ਅਸੰਤੁਸ਼ਟੀ ਜ਼ਾਹਿਰ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਨੇ ਆਦਿੱਤਿਆਨਾਥ ਨੂੰ 72 ਘੰਟੇ ਅਤੇ ਮਾਇਆਵਤੀ ਨੂੰ 48 ਘੰਟੇ ਤੱਕ ਚੋਣ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਹੈ। ਚੋਣ ਕਮਿਸ਼ਨ ਦੇ ਇਹ ਹੁਕਮ 16 ਅਪਰੈਲ ਨੂੰ ਸਵੇਰੇ ਛੇ ਵਜੋਂ ਤੋਂ ਲਾਗੂ ਹੋ ਜਾਣਗੇ। ਮਾਇਆਵਤੀ ’ਤੇ ਦਿਓਬੰਦ ’ਚ ਚੋਣ ਪ੍ਰਚਾਰ ਦੌਰਾਨ ਕੀਤੀ ਟਿੱਪਣੀ ਲਈ ਪਾਬੰਦੀ ਲਾਈ ਗਈ ਹੈ। ਮਾਇਆਵਤੀ ਨੇ ਮੁਸਲਿਮ ਭਾਈਚਾਰੇ ਨੂੰ ਇੱਕ ਵਿਸ਼ੇਸ਼ ਪਾਰਟੀ ਨੂੰ ਵੋਟ ਨਾ ਪਾਉਣ ਲਈ ਕਿਹਾ ਸੀ। ਚੋਣ ਅਮਲੇ ਨੇ ਇਸ ਨੂੰ ਮੁੱਢਲੇ ਤੌਰ ’ਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਮੰਨਿਆ ਸੀ। ਯੋਗੀ ਆਦਿੱਤਿਆਨਾਥ ਨੇ ਮੇਰਠ ’ਚ ਰੈਲੀ ਦੌਰਾਨ ’ਅਲੀ’ ਅਤੇ ’ਬਜਰੰਗ ਬਲੀ’ ਬਾਰੇ ਟਿੱਪਣੀ ਕੀਤੀ ਸੀ। ਉਨ੍ਹਾਂ ਲੋਕ ਸਭਾ ਚੋਣਾਂ ਨੂੰ ਮੁਸਲਮਾਨਾਂ ਦੀ ਧਾਰਮਿਕ



ਸ਼ਖਸੀਅਤ ਅਲੀ ਤੇ ਭਾਰਤੀ ਦੇਵਤੇ ਹਨੂੰਮਾਨ ਵਿਚਾਲੇ ਮੁਕਾਬਲਾ ਦੱਸਿਆ ਸੀ। ਇਸ ਤੋਂ ਬਾਅਦ ਚੋਣ ਕਮਿਸ਼ਨ ਨੇ ਸਮਾਜਵਾਦੀ ਪਾਰਟੀ ਦੇ ਆਗੂ ਆਜ਼ਮ ਖਾਨ ਵੱਲੋਂ ਭਾਜਪਾ ਦੀ ਉਮੀਦਵਾਰ ਜੈਪ੍ਰਦਾ ਬਾਰੇ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦਾ ਨੋਟਿਸ ਲੈਂਦਿਆਂ ਉਨ੍ਹਾਂ ਵੱਲੋਂ ਪ੍ਰਚਾਰ ਕੀਤੇ ਜਾਣ ’ਤੇ 72 ਘੰਟੇ ਦੀ ਪਾਬੰਦੀ ਲਗਾ ਦਿੱਤੀ ਹੈ। ਇਸੇ ਤਰ੍ਹਾਂ ਭਾਜਪਾ ਆਗੂ ਮੇਨਕਾ ਗਾਂਧੀ ਵੱਲੋਂ ਕੀਤੀ ਗਈ ਫਿਰਕੂ ਟਿੱਪਣੀ ਦਾ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਵੀ ਚੋਣ ਪ੍ਰਚਾਰ ਕਰਨ ਤੋਂ 48 ਘੰਟੇ ਲਈ ਰੋਕ ਦਿੱਤਾ ਗਿਆ ਹੈ। ਦੂਜੇ ਪਾਸੇ ਸੁਪਰੀਮ ਕੋਰਟ ਨੇ ਚੋਣ ਪ੍ਰਚਾਰ ਦੌਰਾਨ ਬਸਪਾ ਮੁਖੀ ਮਾਇਆਵਤੀ ਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਕਥਿਤ ਤੌਰ ’ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ’ਚ ਉਨ੍ਹਾਂ ਖ਼ਿਲਾਫ਼ ਚੋਣ ਕਮਿਸ਼ਨ ਦੀ ਹੁਣ ਤੱਕ ਦੀ ਕਾਰਵਾਈ ’ਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ’ਚ ਕਮਿਸ਼ਨ ਦੇ ਅਧਿਕਾਰਾਂ ਦੇ ਦਾਇਰੇ ’ਤੇ ਵਿਚਾਰ ਕਰੇਗਾ।

ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ ਦੇ ਬੈਂਚ ਨੇ ਚੋਣ ਪ੍ਰਚਾਰ ਦੌਰਾਨ ਉੱਤਰ ਪ੍ਰਦੇਸ਼ ਦੇ ਇਨ੍ਹਾਂ ਦੋ ਵੱਡੇ ਆਗੂਆਂ ਵੱਲੋਂ ਕਥਿਤ ਤੌਰ ’ਤੇ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦਾ ਨੋਟਿਸ ਲੈਂਦਿਆਂ ਚੋਣ ਕਮਿਸ਼ਨ ਤੋਂ ਜਾਣਨਾ ਚਾਹਿਆ ਕਿ ਉਸ ਨੇ ਅਜੇ ਤੱਕ ਕੀ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਇਸ ਮਾਮਲੇ ’ਚ ਖੁਦ ਨੂੰ ’ਲਾਚਾਰ’ ਦੱਸਿਆ ਸੀ। ਅਦਾਲਤ ਨੇ ਕਮਿਸ਼ਨ ਨੇ ਇੱਕ ਨੁਮਾਇੰਦੇ ਨੂੰ 16 ਅਪਰੈਲ ਨੂੰ ਸਵੇਰੇ 10.30 ਵਜੇ ਤਲਬ ਕੀਤਾ ਹੈ। ਸੁਪਰੀਮ ਕੋਰਟ ਯੂਏਈ ਦੇ ਸ਼ਾਰਜਾਹ ’ਚ ਰਹਿਣ ਵਾਲੇ ਪਰਵਾਸੀ ਭਾਰਤੀ ਯੋਗ ਅਧਿਆਪਕ ਹਰਪ੍ਰੀਤ ਮਨਸੁਖਾਨੀ ਦੀ ਅਪੀਲ ’ਤੇ ਸੁਣਵਾਈ ਕਰ ਰਿਹਾ ਸੀ।

# ਵੱਡੀਆਂ ਤੋਪਾਂ ਦੇ ਖ਼ਿਲਾਫ਼ ਚੋਣ ਮੈਦਾਨ ’ਚ ਨਿੱਤਰੇ ‘ਆਪ’ ਵਾਲੰਟੀਅਰ

**ਲੁਧਿਆਣਾ–** ਸੂਬੇ ਦੀਆਂ ਲੋਕ ਸਭਾ ਚੋਣਾਂ ਇਸ ਵਾਰ ਦਿਲਚਸਪ ਬਣਦੀਆਂ ਜਾ ਰਹੀਆਂ ਹਨ। ਸਿਆਸਤ ਵਿਚ ਵੱਡੀ ਮੁਹਾਰਤ ਰੱਖਣ ਵਾਲੇ ਸਿਆਸੀ ਦਿੱਗਜਾਂ ਸਾਹਮਣੇ ਇਸ ਵਾਰ ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੇ ਫਾਰਮੂਲੇ ’ਤੇ ਕੰਮ ਕਰਦਿਆਂ ਆਪਣੇ ਵਾਲੰ-ਟੀਅਰਾਂ ਨੂੰ ਮੈਦਾਨ ’ਚ ਉਤਾਰਿਆ ਹੈ। ਇਨ੍ਹਾਂ ਉਮੀਦ-ਵਾਰਾਂ ਨੂੰ ਚੋਣਾਂ ਦਾ ਭਾਵੇਂ ੳ ਅ ਨਾ ਆਉਂਦਾ ਹੋਵੇ ਪਰ ਉਹ ਸਿਆਸੀ ਦਿੱਗਜਾਂ ਨੂੰ ਟੱਕਰ ਦੇਣ ਦੀ ਤਿਆਰੀ ਕਰ ਰਹੇ ਹਨ। ਇਸ ਵਾਰ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਸੂਬੇ ਦੀਆਂ 13 ਵਿਚੋਂ 4 ਸੀਟਾਂ ’ਤੇ ਅਜਿਹੇ ਵਾਲੰਟੀਅਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ, ਜਿਨ੍ਹਾਂ ਨੇ ਪਹਿਲਾਂ ਕਦੇ ਚੋਣਾਂ ਨਹੀਂ ਲੜੀਆਂ ਤੇ ਹੁਣ ਉਹ ਸਿੱਧੇ ’ਆਪ’ ਵੱਲੋਂ ਸੰਸਦੀ ਚੋਣਾਂ ਲਈ ਚੋਣ ਮੈਦਾਨ ਵਿਚ ਹਨ। ਜ਼ਿਆਦਾਤਰ ਉਮੀਦਵਾਰਾਂ ਨੇ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਤੇ ਉਹ ਘਰ-ਘਰ ਜਾ ਕੇ ਲੋਕਾਂ ਕੋਲੋਂ ਵੋਟਾਂ ਮੰਗ ਰਹੇ ਹਨ।

ਲੋਕ ਸਭਾ ਚੋਣਾਂ ਲਈ ਜਿੱਥੇ ਰਵਾਇਤੀ ਪਾਰਟੀਆਂ ਸਿਆਸੀ ਪਿਛੋਕੜ ਵਾਲੇ ਆਗੂਆਂ ਨੂੰ ਆਪਣੇ ਉਮੀਦਵਾਰ ਬਣਾ ਕੇ ਚੋਣ ਮੈਦਾਨ ਵਿਚ ਉਤਾਰ ਰਹੀਆਂ ਹਨ, ਉਥੇ ਹੀ ਆਮ ਆਦਮੀ ਪਾਰਟੀ ਨੇ ਇਸ ਵਾਰ ਵਾਲੰਟੀਅਰਾਂ ’ਤੇ ਦਾਅ ਖੇਡਿਆ ਹੈ।

# ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਹੁਲ ਗਾਂਧੀ ਵੱਲੋਂ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**(ਸਫਾ 1 ਦੀ ਬਾਕੀ)**

ਹੈ ਅਤੇ ਸਿਖਾਉਂਦਾ ਵੀ ਹੈ ਕਿ ਜ਼ੁਲਮ ਦੀ ਉਮਰ ਘੱਟ ਹੀ ਹੁੰਦੀ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਤਿਹਾਸ ਤੋਂ ਸਬਕ ਲੈ ਕੇ ਮਨੁੱਖਤਾ ਨੂੰ ਬਿਹਤਰ ਭਵਿੱਖ ਦੇਣ ਦੀ ਦਿਸ਼ਾ ਵੱਲ ਯਤਨ ਕਰਨ।

**ਪ੍ਰਧਾਨ ਮੰਤਰੀ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਕਾ ਜੱਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿੱਚ 13 ਅਪਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਗਰੇਜ ਹਾਕਮਾਂ ਵੱਲੋਂ ਮਾਰੇ ਗਏ ਲੋਕਾਂ ਨੂੰ 100ਵੀਂ ਵਰ੍ਹੇਗੰਢ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੁਰਬਾਨੀ ਸਾਨੂੰ ਭਾਰਤ ਦੇ ਨਿਰਮਾਣ ਲਈ ਪ੍ਰੇਰਣਾ ਦਿੰਦੀ ਹੈ ਅਤੇ ਸਾਨੂੰ ਉਨ੍ਹਾਂ ਦੀ ਕੁਰਬਾਨੀ ਉੱਤੇ ਮਾਣ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕੀਤਾ,’ ਅੱਜ ਅਸੀਂ ਸਾਕਾ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ 100ਵੀਂ ਵਰ੍ਹੇਗੰਢ ਮਨਾ ਰਹੇ ਹਾਂ ਅਤੇ ਭਾਰਤ ਵਾਸੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਦੇ ਹਨ ਤੇ ਇਹ ਵਚ-ਨਬੱਧਤਾ ਪ੍ਰਗਟਾਉਂਦੇ ਹਨ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।’

**ਕੁਰਬਾਨੀਆਂ ਕਦੇ ਨਹੀਂ ਭੁਲਾਵਾਂਗੇ: ਰਾਹੁਲ**

ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੇ ਇੱਥੇ ਜੱਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦਾਂ ਪ੍ਰਤੀ ਆਪਣੀਆਂ ਭਾਵਨਾਵਾਂ ਜੱਲ੍ਹਿਆਂਵਾਲਾ ਬਾਗ ਵਿਚ ਯਾਤਰੂ ਕਿਤਾਬ ਵਿਚ ਦਰਜ ਕਰਦਿਆਂ ਉਨ੍ਹਾਂ ਲਿਖਿਆ ਕਿ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਅਸੀਂ ਦੇਸ਼ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਆਜ਼ਾਦੀ ਲਈ ਆਪਣਾ ਸਭ ਕੁਝ ਵਾਰ ਦਿੱਤਾ।

**ਬ੍ਰਿਟਿਸ਼ ਹਾਈ ਕਮਿਸ਼ਨਰ ਨੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ**

ਭਾਰਤ ਵਿੱਚ ਬਰਤਾਨੀਆ ਦੇ ਹਾਈ ਕਮਿਸ਼ਨਰ ਡੌਮੀਨਿਕ ਐਸਕੁਇਤ ਨੇ ਅੱਜ ਬਰਤਾਨਵੀ ਸਰਕਾਰ ਵੱਲੋਂ ਇੱਥੇ ਜੱਲ੍ਹਿਆਂਵਾਲਾ ਬਾਗ ਵਿੱਚ ਸ਼ਹੀਦੀ ਸਮਾਰਕ ਵਿਖੇ ਪੁੱਜ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਉਨ੍ਹਾਂ ਨੇ ਸੌ ਸਾਲ ਪਹਿਲਾਂ ਵਾਪਰੇ ਇਸ ਖ਼ੂਨੀ ਸਾਕੇ ਉੱਤੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ।

ਸਾਕੇ ਦੀ ਸ਼ਤਾਬਦੀ ਮੌਕੇ ਬਰਤਾਨੀਆ ਦੇ ਹਾਈ ਕਮਿਸ਼ਨਰ ਸਵੇਰੇ ਇਥੇ ਜੱਲ੍ਹਿਆਂਵਾਲਾ ਬਾਗ ਪੁੱਜੇ, ਜਿਥੇ ਉਨ੍ਹਾਂ ਸਮਾਰਕ ’ਤੇ ਫੁੱਲਮਾਲਾ ਭੇਟ ਕੀਤੀ ਅਤੇ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਮਗਰੋਂ ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਅਤੇ ’ਯਾਤਰੂ ਕਿਤਾਬ’ ਵਿੱਚ ਦਰਜ ਕੀਤੀਆਂ ਆਪਣੀਆਂ ਭਾਵਨਾਵਾਂ ਵਿੱਚ ਉਨ੍ਹਾਂ ਆਖਿਆ ਕਿ ਸੌ ਸਾਲ ਪਹਿਲਾਂ ਜੱਲਿਆਂਵਾਲਾ ਬਾਗ ਵਿੱਚ ਵਾਪਰੀ ਘਟਨਾ ਇੱਕ ਸ਼ਰਮਨਾਕ ਕਾਰਾ ਸੀ, ਜਿਸ ਦਾ ਬਰਤਾਨੀਆ ਦੀ ਸਰਕਾਰ ਨੂੰ ਬੇਹੱਦ ਦੁੱਖ ਹੈ। ਉਨ੍ਹਾਂ ਆਖਿਆ ਕਿ ਇਹ ਘਟਨਾ ਭਾਰਤ ਅਤੇ ਬਰਤਾਨੀਆ ਦੇ ਇਤਿਹਾਸ ’ਤੇ ਇੱਕ ਧੱਬਾ ਹੈ ਪਰ ਇਸ ਦੇ ਬਾਵਜੂਦ ਦੋਵੇਂ ਦੇਸ਼ 21ਵੀਂ ਸਦੀ ਵਿੱਚ ਵਿਕਾਸ ਅਤੇ ਸ਼ਾਂਤੀ ਦੇ ਰਾਹ ’ਤੇ ਇਕੱਠੇ ਚੱਲਦੇ ਰਹਿਣਗੇ। ਉਨ੍ਹਾਂ ਆਖਿਆ ਕਿ ਬਰਤਾਨੀਆ ਦੀ ਪ੍ਰਧਾਨ ਮੰਤਰੀ ਨੇ ਬੀਤੇ ਦਿਨ ਬਰਤਾਨੀਆ ਦੀ ਸੰਸਦ ਵਿਚ ਵੀ ਜੱਲ੍ਹਿਆਂਵਾਲਾ ਬਾਗ ਦੀ ਘਟਨਾ ’ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ।

# ਭਾਰਤ ਬਣੇਗਾ ਨਾਟੋ ਦਾ ਸਹਿਯੋਗੀ ਦੇਸ਼, ਦਰਜਾ ਦੇਣ ਦੀ ਤਿਆਰੀ ’ਚ ਅਮਰੀਕਾ

**(ਸਫਾ 1 ਦੀ ਬਾਕੀ)**

ਵਿਲਸਨ ਨੇ ਕਿਹਾ, ’ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ ਅਤੇ ਖੇਤਰ ਵਿਚ ਸਥਿਰਤਾ ਦਾ ਅਹਿਮ ਪਿੱਲਰ ਹੈ।’ ਉਨ੍ਹਾਂ ਕਿਹਾ, ਯੂਐੱਸ ਕਾਨੂੰਨ ਵਿਚ ਇਹ ਸੋਧ ਭਾਰਤੀ-ਪ੍ਰਸ਼ਾਂਤ ਖੇਤਰ ਵਿਚ ਯੂਐੱਸ-ਭਾਰਤ ਦੀ ਭਾਈਵਾਲੀ ਨੂੰ ਸੁਰੱਖਿਆ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤ ਕਰੇਗਾ। ਮੈਂ ਯੂ ਐੱਸ-ਇੰਡੀਆ ਸਟ੍ਰੈਟੇਜਿਕ ਪਾਰਟਨਰਸ਼ਿਪ ਫੋਰਮ (ਯੂ ਐੱਸ ਆਈ ਐੱਸ ਪੀ ਐੱਫ) ਨੂੰ ਸ਼ੁਕਰੀਆ ਅਦਾ ਕਰਦਾ ਹਾਂ ਜਿਸ ਨੇ ਇਸ ਬਿੱਲ ਵਿਚ ਆਪਣਾ ਸਹਿਯੋਗ ਦਿੱਤਾ ਹੈ। ਇਸ ਬਿੱਲ ਨੂੰ ਸਮਰਥਨ ਦੇਣ ਵਾਲਿਆਂ ਵਿਚ ਐਮੀ ਬੇਰਾ (ਯੂਐੱਸ ਕਾਂਗਰਸ ’ਚ ਸਭ ਤੋਂ ਜ਼ਿਆਦਾ ਲੰਬੇ ਸਮੇਂ ਤਕ ਸੇਵਾ ਦੇਣ ਵਾਲੇ ਭਾਰਤੀ-ਅਮਰੀਕੀ) ਅਤੇ ਜਾਰਜ ਹੋਲਡਿੰਗ (ਹਾਊਸ ਇੰਡੀਆ ਕਾਕਸ ਦੇ ਉਪ ਪ੍ਰਧਾਨ), ਬ੍ਰੈਡ ਸ਼ੇਰਮੈਨ, ਤੁਲਸੀ ਗਬਾਰਡ ਅਤੇ ਟੇਡ ਯੋਹੋ ਦਾ ਨਾਂ ਸ਼ਾਮਲ ਹੈ।

ਨੈਸ਼ਨਲ ਡਿਫੈਂਸ ਆਰਥਰਾਈਜੇਸ਼ਨ ਐਕਟ (ਐੱਨਡੀਏਏ) 2017 ਵਿਚ ਭਾਰਤੀ-ਅਮਰੀਕੀ ਰੱਖਿਆ ਭਾਈਵਾਲੀ ਨੂੰ ਦੇਖਦੇ ਹੋਏ ਭਾਰਤ ਨੂੰ ਯੂਐੱਸ ਦੇ ਪ੍ਰਮੁੱਖ ਰੱਖਿਆ ਸਹਿਯੋਗੀ ਦਾ ਦਰਜਾ ਦਿੱਤਾ ਗਿਆ ਸੀ। ਇਸ ਵਿਚ ਵੀ ਭਾਰਤ ਨਾਲ ਵਪਾਰ ਅਤੇ ਤਕਨੀਕ ਸਾਂਝੀ ਕਰਨ ’ਤੇ ਵਿਸ਼ੇਸ਼ ਸਹਿਯੋਗ ਅਤੇ ਤਰਜੀਹ ਦੇਣ ਦੀ ਗੱਲ ਕਹੀ ਗਈ ਸੀ। ਯੂਐੱਸ-ਇੰਡੀਆ ਸਟ੍ਰੈਟੇਜਿਕ ਪਾਰਟਨਰਸ਼ਿਪ ਫੋਰਮ (ਯੂ ਐੱਸ ਆਈ ਐੱਸ ਪੀ ਐੱਫ) ਨੇ ਕਿਹਾ, ਇਹ ਬਦਲਾਅ ਭਾਰਤ-ਅਮਰੀਕੀ ਰਿਸ਼ਤਿਆਂ ਨੂੰ ਸੰਸਥਾਗਤ ਰੂਪ ਦੇਵੇਗੀ ਅਤੇ ਇਕ ਮਜ਼ਬੂਤ ਨੀਂਹ ਬਣੇਗੀ ਜਿਸ ’ਤੇ ਦੋਵੇਂ ਦੇਸ਼ ਆਪਣੀ ਰੱਖਿਆ ਭਾਈਵਾਲੀ ਦੀ ਉੱਚੀ ਇਮਾਰਤ ਖੜ੍ਹੀ ਕਰ ਪਾਉਣਗੇ। ਯੂ ਐੱਸ ਆਈ ਐੱਸ ਪੀ ਐੱਫ ਨੇ ਆਪਣੇ ਬਿਆਨ ਵਿਚ ਕਿਹਾ ਕਿ ਭਲੇ ਹੀ ਇਹ ਦੇਖਣ ਵਿਚ ਤਾਕਤਵਰ ਲੱਗੇ ਪਰ ਐੱਨਡੀਏਏ ਸਾਲ 2017 ਵਿਚ ਭਾਰਤ ਨੂੰ ਰੱਖਿਆ ਖੇਤਰ ਵਿਚ ਜ਼ਿਆਦਾ ਤਰਜੀਹ ਦੇਣ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਰੁਕਾਵਟ ਨਹੀਂ ਸੀ। ਜ਼ਿਕਰਯੋਗ ਹੈ ਕਿ ਹਾਲੇ ਤਕ ਨਾਟੋ ਦੇ ਸਹਿਯੋਗੀ ਦੇਸ਼ ਦਾ ਦਰਜਾ ਇਜ਼ਰਾਈਲ, ਦੱਖਣੀ ਕੋਰੀਆ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਜਾਪਾਨ ਨੂੰ ਮਿਲਿਆ ਹੋਇਆ ਹੈ। ਐੱਨਡੀਏਏ ਸਾਲ 2017 ਦੇ ਮੂਲ ਉਦੇਸ਼ ਨੂੰ ਪੂਰਾ ਕਰਨ ਲਈ ਆਰਮਜ਼ ਐਕਸਪੋਰਟ ਐਕਟ ਵਿਚ ਸੋਧ ਕੀਤੀ ਜਾਵੇਗੀ ਤਾਂ ਕਿ ਭਾਰਤ ਨਾਟੋ ਦੇ ਸਹਿਯੋਗੀ ਦੇਸ਼ਾਂ ਦੀ ਕਤਾਰ ਵਿਚ ਆ ਸਕੇ।

ਯੂਐੱਸਆਈਐੱਸਪੀਐੱਫ ਦੇ ਪ੍ਰਧਾਨ ਮੁਕੇਸ਼ ਅਘੀ ਨੇ ਕਿਹਾ ਕਿ ਉਹ ਕਾਂਗਰਸ ਦੇ ਵਿਲਸਨ ਦੀ ਅਗਵਾਈ ਵਿਚ ਇਸ ਬਿੱਲ ਨੂੰ ਫਿਰ ਤੋਂ ਪੇਸ਼ ਕਰਨ ਦੀ ਸ਼ਲਾਘਾ ਕਰਦੇ ਹਨ। ਉਨ੍ਹਾਂ ਨੂੰ ਭਰੋਸਾ ਹੈ ਕਿ ਯੂਐੱਸ ਕਾਂਗਰਸ ਉਨ੍ਹਾਂ ਬਿੱਲਾਂ ਨੂੰ ਲਾਗੂ ਕਰਦੀ ਰਹੇਗੀ ਜਿਨ੍ਹਾਂ ਨਾਲ ਭਾਰਤ-ਅਮਰੀਕਾ ਦੇ ਦੁਵੱਲੇ ਰਿਸ਼ਤੇ ਮਜ਼ਬੂਤ ਹੋਣ। ਕਾਂਗਰਸ ਦੇ ਮੈਂਬਰ ਭਾਰਤ ਨਾਲ ਮਜ਼ਬੂਤ ਰਿਸ਼ਤਿਆਂ ਦੀ ਰਣਨੀਤਕ ਅਹਿਮੀਅਤ ਨੂੰ ਸਮਝਦੇ ਹਨ।

# ਜਲ੍ਹਿਆਂਵਾਲਾ ਬਾਗ ਦੇ ਜ਼ਖ਼ਮ

**ਸਵਾਲ ਹੈ ਕਿ ਬਰਤਾਨੀਆ ਹੁਣ ਵੀ ਮੁਆਫ਼ੀ ਕਿਉਂ ਨਹੀਂ ਮੰਗ ਰਿਹਾ। ਹਾਲ ਵੀ ਵਿੱਚ ਮੈਂ ਇੱਕ ਟੀ ਵੀ ਬਹਿਸ ਵਿੱਚ ਸ਼ਾਮਲ ਸੀ, ਉਥੇ ਹੈਰਾਨ ਕਰਨ ਵਾਲੀ ਗੱਲ ਦੱਸੀ ਗਈ ਸੀ ਜੇਕਰ ਮੁਆਫ਼ੀ ਮੰਗੀ ਜਾਂਦੀ ਹੈ ਤਾਂ ਉਸ ਨਾਲ ਆਰਥਿਕ ਉਲਝਣ ਪੈਦਾ ਹੋਏਗੀ ਅਤੇ ਇਸੇ ਕਾਰਨ ਬ੍ਰਿਟਿਸ਼ ਪ੍ਰਧਾਨ ਮੰਤਰੀ ਟੇਰਿਜਾ ਮੇਅ ਨੇ ਸਿਰਫ ਅਫ਼ਸੋਸ ਜ਼ਾਹਿਰ ਕੀਤਾ। ਇਹ ਵੀ ਸਪੱਸ਼ਟ ਹੈ ਕਿ ਸ਼ਹੀਦਾਂ ਦੇ ਪਰਿਵਾਰ ਕੇਵਕ ਵਿੱਤੀ ਲਾਭ ਦੇ ਲਈ ਬਰਤਾਨੀਆ ਨੂੰ ਮੁਆਫ਼ੀ ਮੰਗਣ ਲਈ ਨਹੀਂ ਕਹਿ ਰਹੇ। ਮੈਂ ਕਈ ਸ਼ਹੀਦਾਂ ਦੇ ਪਰਿਵਾਰਾਂ ਵਾਲਿਆਂ ਨਾਲ ਗੱਲਬਾਤ ਕੀਤੀ ਹੈ, ਉਹਨਾ ਵਿਚੋਂ ਕਿਸੇ ਨੂੰ ਵੀ ਬਰਤਾਨੀਆ ਤੋਂ ਕੋਈ ਉਮੀਦ ਨਹੀਂ ਸੀ।**



ਗੁਰਮੀਤ ਪਲਾਹੀ
91-98158-02070

**ਮੂਲ ਲੇਖਕ:- ਕਿਸ਼ਵਰ ਦੇਸਾਈ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਜਲ੍ਹਿਆਂਵਾਲਾ ਬਾਗ ਕਤਲੇਆਮ ਅੱਜ ਵੀ ਸਾਡੀਆਂ ਯਾਦਾਂ ਵਿੱਚ ਜੀਊਂਦਾ ਹੈ, ਨਾ ਕੇਵਲ ਇਸ ਲਈ ਕਿ ਇਹ ਦਿਲਾਂ ਨੂੰ ਝੰਜੋੜਨ ਵਾਲਾ ਸੀ, ਸਗੋਂ ਇਸ ਲਈ ਕਿ ਇਹ ਆਜ਼ਾਦੀ ਅੰਦੋਲਨ ਵਿੱਚ ਇੱਕ ਅਹਿਮ ਮੋੜ ਸੀ, ਜਿਸਦੇ ਕਾਰਨ ਇਹ ਜਿਆਦਾ ਚਰਚਿਤ ਹੋਇਆ। ਹਾਲਾਂਕਿ ਅੰਗਰੇਜ਼ਾਂ ਨੇ ਇਸ ਕਤਲੇਆਮ ਦੀ ਜਾਣਕਾਰੀ ਲੁਕਾਉਣ ਦਾ ਯਤਨ ਕੀਤਾ, ਤਾਂ ਕਿ ਇਸ ਸਮੇਂ ਰਾਸ਼ਟਰਵਾਦੀਆਂ ਨੂੰ ਕਤਲੇਆਮ ਦੇ ਦੌਰਾਨ ਅਤੇ ਉਸ ਤੋਂ ਬਾਅਦ ਹੋਏ ਅਤਿਆਚਾਰਾਂ ਦੀ ਸਹੀ ਜਾਣਕਾਰੀ ਨਾ ਮਿਲ ਸਕੇ, ਪਰ ਮਹਾਤਮਾ ਗਾਂਧੀ ਅਤੇ ਹੋਰ ਲੋਕਾਂ ਨੇ ਪੰਜਾਬ ਵਿੱਚ ਤਸੀਹਿਆਂ ਦੀ ਪੂਰੀ ਜਾਣਕਾਰੀ ਨੂੰ ਸਾਹਮਣੇ ਲਿਆਉਣ ਦਾ ਲਗਾਤਾਰ ਯਤਨ ਕੀਤਾ। ਪੰਡਿਤ ਮਦਨ ਮੋਹਨ ਮਾਲਵੀਆ ਅਤੇ ਹੋਰ ਲੋਕਾਂ ਦੇ ਨਾਲ ਉਹਨਾ ਨੇ ਹੰਟਰ ਕਮੇਟੀ ਵਲੋਂ ਪ੍ਰਕਾਸ਼ਿਤ ਅਧਿਕਾਰਤ ਬ੍ਰਿਟਿਸ਼ ਰਿਪੋਰਟ ਨੂੰ ਚਣੌਤੀ ਦੇਣ ਲਈ ਪੰਜਾਬ ਦੇ ਲੋਕਾਂ ਦੀਆਂ ਅੱਖੀਂ ਦੇਖੀਆਂ ਜਾਣਕਾਰੀਆਂ ਇੱਕਠੀਆਂ ਕਰਨੀਆਂ ਸ਼ੁਰੂ ਕੀਤੀਆਂ। ਹੰਟਰ ਕਮੇਟੀ ਦੀ ਰਿਪੋਰਟ ਸਰਵਜਨਕ ਤੌਰ ਤੇ ਸਬੂਤ ਇੱਕਠੇ ਕਰਕੇ ਤਿਆਰ ਕੀਤੀ ਗਈ ਸੀ ਅਤੇ ਇਹ ਕਾਫੀ ਵਿਸਥਾਰਪੂਰਵਕ ਸੀ, ਲੇਕਿਨ ਇਹ ਸਪਸ਼ਟ ਤੌਰ ਤੇ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ, ਕਿਉਂਕਿ ਜਿਹੜੇ ਲੋਕ ਪੰਜਾਬ ਵਿੱਚ ਲਾਗੂ ਮਾਰਸ਼ਲ ਲਾਅ ਦੇ ਤਹਿਤ ਕੈਦ ਕੀਤੇ ਗਏ ਸਨ, ਉਹ ਗਵਾਹੀ ਨਹੀਂ ਦੇ ਸਕੇ ਅਤੇ ਲਗਭਗ 18 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਹੁਣ ਜਦੋਂ ਅਸੀਂ ਮਹਾਤਮਾ ਗਾਂਧੀ ਅਤੇ ਹੋਰ ਲੋਕਾਂ ਦੀ ਬਦੌਲਤ ਪੂਰੇ ਪੰਜਾਬ ਵਿੱਚੋਂ ਇੱਕਠੀ ਕੀਤੀ ਗਈ ਗੈਰ-ਅਧਕਾਰਿਕ ਜਾਣਕਾਰੀਆਂ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਲੋਕਾਂ ਉਤੇ ਕਿਸ ਹੱਦ ਤੱਕ ਜ਼ੁਲਮ ਤਸ਼ੱਦਦ ਕੀਤਾ ਗਿਆ ਸੀ। ਕਰਨਲ ਡਾਇਰ ਵਲੋਂ ਚੇਤਾਵਨੀ ਦਿੱਤੇ ਬਿਨ੍ਹਾਂ ਨਾ ਕੇਵਲ ਲੋਕਾਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ, ਬਲਕਿ ਬਚੇ ਹੋਏ ਲੋਕਾਂ ਅਤੇ ਸ਼ਹੀਦਾਂ ਦੇ ਪਰਿਵਾਰ ਨਿਰੰਤਰ ਅੰਗਰੇਜ਼ਾਂ ਦੇ ਨਿਸ਼ਾਨੇ 'ਤੇ ਰਹੇ। ਅੰਮ੍ਰਿਤਸਰ, ਜਿੱਥੇ ਇਹ ਕਾਰਾ ਕੀਤਾ ਗਿਆ, ਬ੍ਰਿਟਿਸ਼ ਸਰਕਾਰ ਦਾ ਵਿਸ਼ੇਸ਼ ਉਦੇਸ਼ ਬਣ ਗਿਆ ਸੀ, ਜੋ ਕਿ 13 ਅਪ੍ਰੈਲ ਦੇ ਦੰਗਿਆਂ ਵਿੱਚ ਪੰਜ ਅੰਗਰੇਜ਼ਾਂ ਨੂੰ ਮਾਰਨ ਦਾ ਹੌਂਸਲਾ ਕਰਨ ਵਾਲੇ ਸ਼ਹਿਰੀਆਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਅਸਲ ਵਿੱਚ 9 ਅਤੇ 10 ਅਪ੍ਰੈਲ ਦੀਆਂ ਨੂੰ ਘੱਟ ਪ੍ਰਚਾਰ ਮਿਲਿਆ, ਪਰ ਇਹੀ ਘਟਨਾ ਸੀ, ਜਿਸਨੇ ਅੰਗਰੇਜ਼ਾਂ ਨੂੰ ਨਾਰਾਜ਼ ਕੀਤਾ, ਜੋ ਸੋਚਦੇ ਸਨ ਕਿ ਇਨਕਲਾਬ ਦੀ ਅੱਗ ਸੁਲਗ ਰਹੀ ਹੈ।

ਉਸ ਸਮੇਂ ਪੰਜਾਬ ਦੇ ਨਾਗਰਿਕ ਪ੍ਰਾਸ਼ਾਸ਼ਨ ਦੀ ਵੱਡੀ ਚਿੰਤਾ ਇਹ ਸੀ ਕਿ ਉਹ ਸਤਿਆਗ੍ਰਹਿ ਦੇ ਦੌਰਾਨ ਅੰਮ੍ਰਿਤਸਰ ਦੀਆਂ ਸੜਕਾਂ ਤੇ ਵਧਦੀ ਹਿੰਦੀ-ਮੁਸਲਿਮ ਏਕਤਾ ਦੇ ਸਾਹਮਣੇ ਖ਼ੁਦ ਨੂੰ ਬੌਨੇ ਮੰਨਦੇ ਸਨ, ਜਿਸ ਨੂੰ ਮਹਾਤਮਾ ਗਾਂਧੀ ਨੇ ਸਾਲ ਦੇ ਸ਼ੁਰੂ ਵਿੱਚ ਬੇਰਹਿਮ ਰਾਲੇਟ ਐਕਟ ਦੇ ਵਿਰੁੱਧ ਸ਼ੁਰੂ ਕੀਤਾ ਸੀ। ਵੱਡੀ ਸੰਖਿਆ ਵਿੱਚ ਲੋਕ, ਪੂਰਨ ਫਿਰਕੂ ਸਦਭਾਵਨਾ ਨਾਲ, ਗਾਂਧੀ ਵਲੋਂ ਦਿੱਤੇ ਆਦੇਸ਼ਾਂ ਉਤੇ ਚੱਲ ਰਹੇ ਸਨ ਅਤੇ ਸ਼ਾਂਤੀਪੂਰਬਕ ਰੋਸ ਪ੍ਰਦਰਸ਼ਨ ਕਰਨ ਲਈ ਬਾਕਾਇਦਾ ਮੀਟਿੰਗ ਕਰ ਰਹੇ ਸਨ। ਲੇਕਿਨ 10 ਅਪ੍ਰੈਲ ਨੂੰ ਅੰਗਰੇਜ਼ਾਂ ਨੇ ਸੋਚਿਆ ਕਿ ਇਸ ਏਕਤਾ ਨੂੰ ਤੋੜਨ ਦਾ ਸਹੀ ਸਮਾਂ ਹੈ ਅਤੇ ਉਹਨਾ ਨੇ ਪ੍ਰਮੁੱਖ ਨੇਤਾਵਾਂ- ਡਾ: ਸਤਪਾਲ ਅਤੇ ਡਾ: ਸੈਫੋਦੀਨ ਕਿਚਲੂ (ਇੱਕ ਹਿੰਦੂ ਅਤੇ ਇੱਕ ਮੁਸਲਮਾਨ) ਨੂੰ ਅੰਮ੍ਰਿਤਸਰ ਵਿੱਚ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਦੇ ਬਾਅਦ ਹੋਏ ਸੰਘਰਸ਼ ਵਿੱਚ ਪ੍ਰਦਰਸ਼ਨਕਾਰੀਆਂ ਉਤੇ ਗੋਲੀ ਚਲਾਈ ਗਈ, ਜਿਸ ਵਿੱਚ 20 ਭਾਰਤੀ ਮਾਰੇ ਗਏ। ਉਸਦੇ ਬਾਅਦ ਬਿਹੱਥੇ ਅਤੇ ਗੁੱਸੇ 'ਚ ਆਏ ਭਾਂਰਤੀਆਂ ਨੇ ਪੰਜ ਅੰਗਰੇਜ਼ਾਂ ਨੂੰ ਘੇਰ ਕੇ ਮਾਰ ਦਿੱਤਾ, ਜਿਸਦੇ ਸਿੱਟੇ ਵਜੋਂ 13 ਅਪ੍ਰੈਲ ਨੂੰ ਕਤਲੇਆਮ ਹੋਇਆ। ਇਹ ਕੋਝੀ ਹਰਕਤ ਬ੍ਰਿਟਿਸ਼ ਲੈਫਟੀਨੈਂਟ ਗਵਰਨਰ ਸਰ ਮਾਈਕਲ ਆਡਾਇਰ ਵਲੋਂ ਅੰਮ੍ਰਿਤਸਰ ਦੇ ਲੋਕਾਂ ਨੂੰ ਇਹੋ ਜਿਹਾ ਸਬਕ ਸਿਖਾਉਣ ਦੀ ਕੋਸ਼ਿਸ਼ ਸੀ, ਜਿਸਨੂੰ ਉਹ ਕਦੇ ਭੁੱਲ ਹੀ ਨਾ ਸਕਣ।

ਗ਼ਾਹਿਰ ਹੈ ਕਿ ਜੋ ਗੱਲ ਐਡਵਾਇਰ (ਇਹ ਡਾਇਰ ਨਹੀਂ ਸੀ, ਜਿਵੇਂ ਕਿ ਅਕਸਰ ਭੁੱਲ ਕੀਤੀ ਜਾਂਦੀ ਹੈ) ਸਮਝ ਨਹੀਂ ਸਕੇ, ਉਹ ਇਹ ਕਿ ਇਹ ਕਤਲੇਆਮ ਬ੍ਰਿਟਿਸ਼ ਸਰਕਾਰ ਦੇ ਜ਼ੁਲਮ ਦਾ ਇੱਕ ਮਜ਼ਬੂਤ ਪ੍ਰਤੀਕ ਬਣ ਜਾਏਗਾ ਅਤੇ ਅੰਤ ਸਾਰੇ ਭਾਂਰਤੀ ਰਾਸ਼ਟਰਵਾਦੀਆਂ ਨੂੰ ਆਪਣੇ ਵੱਲ ਖਿੱਚ ਲਏਗਾ। ਕਤਲੇਆਮ ਅਤੇ ਉਸਦੇ ਬਾਅਦ ਮਾਰਸ਼ਲ ਲਾਅ ਦੀ ਸੂਚਨਾ ਜਿਵੇਂ ਹੀ ਫੈਲੀ (ਲਗਭਗ ਦੋ ਤਿੰਨ ਮਹੀਨੇ ਬਾਅਦ ਸੈਂਸਰਸ਼ਿਪ ਲਾਗੂ ਕਰ ਦਿੱਤੀ ਗਈ ਅਤੇ ਪੰਜਾਬ ਦੇ ਲੋਕਾਂ ਨੂੰ ਧਮਕਾਇਆ ਗਿਆ, ਜੇਲ੍ਹ ਵਿੱਚ ਸੁਟਿਆ ਗਿਆ ਅਤੇ ਤਸੀਹੇ ਦਿਤੇ ਗਏ), ਜੋ ਲੋਕ ਗਾਂਧੀ ਦੇ ਰੋਲਟ ਐਕਟ ਵਿਰੋਧੀ ਸਤਿਆਗ੍ਰਹਿ ਵਿੱਚ ਸ਼ਾਮਲ ਨਹੀਂ ਹੋਏ ਸਨ, ਉਹ ਵੀ ਸ਼ਾਮਲ ਹੋ ਗਏ। ਲਾਲਾ ਲਾਜਪਤਰਾਏ, ਪੰਡਿਤ ਮਦਨ ਮੋਹਨ ਮਾਲਵੀਆ, ਪੰਡਿਤ ਮੋਤੀਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਲੋਕ ਨੇਤਾ ਅਤੇ ਕਵੀ ਰਵਿੰਦਰਨਾਥ ਟੈਗੋਰ, ਸਰੋਜਨੀ ਨਾਇਡੂ ਜਿਹੇ ਕਵੀ-ਸਾਰਿਆਂ ਨੇ ਅੰਮ੍ਰਿਤਸਰ ਵਿੱਚ ਹੋਈਆਂ ਘਟਨਾਵਾਂ ਦੇ ਬਾਅਦ ਬ੍ਰਿਟਿਸ਼ ਰਾਜ ਵਿੱਚ ਉਪਣਾ ਮੋਹ ਭੰਗ ਪ੍ਰਗਟਾਇਆ ਅਤੇ ਤਿੰਨ ਦਹਾਕਿਆਂ ਦੇ ਵਿੱਚ ਹੀ ਭਾਰਤ ਆਜ਼ਾਦ ਹੋ ਗਿਆ।

ਸਵਾਲ ਹੈ ਕਿ ਬਰਤਾਨੀਆ ਹੁਣ ਵੀ ਮੁਆਫ਼ੀ ਕਿਉਂ ਨਹੀਂ ਮੰਗ ਰਿਹਾ। ਹਾਲ ਵੀ ਵਿੱਚ ਮੈਂ ਇੱਕ ਟੀ ਵੀ ਬਹਿਸ ਵਿੱਚ ਸ਼ਾਮਲ ਸੀ, ਉਥੇ ਹੈਰਾਨ ਕਰਨ ਵਾਲੀ ਗੱਲ ਦੱਸੀ ਗਈ ਸੀ ਜੇਕਰ ਮੁਆਫ਼ੀ ਮੰਗੀ ਜਾਂਦੀ ਹੈ ਤਾਂ ਉਸ ਨਾਲ ਆਰਥਿਕ ਉਲਝਣ ਪੈਦਾ ਹੋਏਗੀ ਅਤੇ ਇਸੇ ਕਾਰਨ ਬ੍ਰਿਟਿਸ਼ ਪ੍ਰਧਾਨ ਮੰਤਰੀ ਟੇਰਿਜਾ ਮੇਅ ਨੇ ਸਿਰਫ ਅਫ਼ਸੋਸ ਜ਼ਾਹਿਰ ਕੀਤਾ। ਇਹ ਵੀ ਸਪੱਸ਼ਟ ਹੈ ਕਿ ਸ਼ਹੀਦਾਂ ਦੇ ਪਰਿਵਾਰ ਕੇਵਕ ਵਿੱਤੀ ਲਾਭ ਦੇ ਲਈ ਬਰਤਾਨੀਆ ਨੂੰ ਮੁਆਫ਼ੀ ਮੰਗਣ ਲਈ ਨਹੀਂ ਕਹਿ ਰਹੇ। ਮੈਂ ਕਈ ਸ਼ਹੀਦਾਂ ਦੇ ਪਰਿਵਾਰਾਂ ਵਾਲਿਆਂ ਨਾਲ ਗੱਲਬਾਤ ਕੀਤੀ ਹੈ, ਉਹਨਾ ਵਿਚੋਂ ਕਿਸੇ ਨੂੰ ਵੀ ਬਰਤਾਨੀਆ ਤੋਂ ਕੋਈ ਉਮੀਦ ਨਹੀਂ ਸੀ।

ਮੇਰੇ ਲਈ ਇਹ ਭਾਰਤ ਅਤੇ ਭਾਰਤੀਆਂ ਪ੍ਰਤੀ ਨਸਲ ਭੇਦ ਹੈ। ਇਹ ਸੱਚਮੁੱਚ ਸ਼ਰਮਨਾਕ ਹੈ ਕਿ ਬਰਤਾਨੀਆਂ ਲਗਾਤਾਰ ਸਾਨੂੰ ਭਿਖਾਰੀਆਂ ਦਾ ਦੇਸ਼ ਮੰਨਦਾ ਹੈ। ਜੇਕਰ ਅਸਕ ਵਿੱਚ ਸ਼ਹੀਦਾਂ ਦੇ ਪਰਿਵਾਰ ਕੁਝ ਚਾਹੁੰਦੇ ਹਨ ਜਾਂ ਉਹਨਾ ਨੂੰ ਕਿਸੇ ਚੀਜ਼ ਦੀ ਜ਼ਰੂਰਤ ਹੈ, ਤਾਂ ਕੀ ਉਹਨਾ ਦੀਆਂ ਮੰਗਾਂ ਨੂੰ ਭਾਰਤ ਸਰਕਾਰ ਦੇ ਸਾਹਮਣੇ ਨਹੀਂ ਰੱਖਿਆ ਜਾਣਾ ਚਾਹੀਦਾ? ਉਹ ਅੰਗਰੇਜ਼ ਤੋਂ ਕਿਉਂ ਕੁਝ ਚਾਹੁਣਗੇ? ਮੈਨੂੰ ਇਹ ਵੀ ਸਮਝ ਨਹੀਂ ਆ ਰਿਹਾ ਕਿ ਅਗਰ ਰਿਗਰਿਟ (ਅਫ਼ਸੋਸ) ਅਤੇ ਅਪੌਲੋਜੀ (ਮੁਆਫ਼ੀ) ਇੱਕ ਹੀ ਚੀਜ਼ ਹੈ, ਜਿਵੇਂ ਕਿ ਕੁੱਝ ਲੋਕ ਦੱਸ ਰਹੇ ਹਨ ਤਾਂ ਫਿਰ ਵਿਤੀ ਨਿਪਟਾਰੇ ਦੀ ਗੱਲ ਕੇਵਲ ਇੱਕ ਨਾਲ ਕਿਉਂ ਜੁੜੀ ਹੈ, ਦੂਜੇ ਨਾਲ ਕਿਉਂ ਨਹੀਂ? ਮੈਨੂੰ ਲੱਗਦਾ ਹੈ ਕਿ ਬਹਿਸ ਦੇ ਕੇਂਦਰ ਵਿੱਚ ਇਹ ਸ਼ਬਦ ਅਰਥ ਹੁਣ ਵੀ ਉਸੇ ਨਸਲਵਾਦ ਵਿਚੋਂ ਪੈਦਾ ਹੋਇਆ ਹੈ, ਜੋ ਸੌ ਸਾਲ ਪਹਿਲਾਂ ਸੀ। ਜਿਵੇਂ ਕਿ ਅਸੀ ਬਰਤਾਨੀਆ ਦੀ ਸੰਸਦ ਵਿੱਚ ਹੁਣੇ ਜਿਹੀ ਹੋਈ ਬਹਿਸ ਤੋਂ ਜਾਣਦੇ ਹਾਂ ਕਿ ਬਹੁਤ ਅਫ਼ਸੋਸ ਪ੍ਰਗਟ ਕੀਤਾ ਗਿਆ, ਉਥੇ ਸਿਰਫ਼ ਲੇਬਰ ਪਾਰਟੀ ਨੇ ਕਿਹਾ ਕਿ ਸਪਸ਼ਟ ਤੌਰ 'ਤੇ ਮੁਆਫ਼ੀ ਮੰਗੀ ਜਾਣੀ ਚਾਹੀਦੀ ਹੈ। ਪਰ ਕੰਜਰਵੇਟਿਵ ਸਰਕਾਰ, ਜਿਸਦੇ ਲਈ ਵਿਸੰਟਨ ਚਰਚਿਲ ਨਾਇਕ ਜਿਹੇ ਸਨ, ਜ਼ਾਹਿਰ ਹੈ ਇਹੋ ਜਿਹਾ ਨਹੀਂ ਮੰਨਦੀ ਅਤੇ ਕੁਝ ਲੋਕ ਮੈਨੂੰ ਦੱਸਦੇ ਹਨ ਕਿ ਸੌ ਸਾਲ ਬਾਅਦ ਮੁਆਫ਼ੀ ਮੰਗਣ ਦਾ ਕੋਈ ਮਤਲਬ ਨਹੀਂ ਹੈ। ਇਹੋ ਜਿਹੇ 'ਚ ਜਲ੍ਹਿਆਂਵਾਲਾ ਬਾਗ ਜਾਕੇ ਫੁਲ ਚੜ੍ਹਾਉਣ ਦਾ ਕੀ ਅਰਥ ਹੈ? ਪੰਜਾਬ ਦੇ ਦਰਦ ਨੂੰ ਨਜ਼ਰ ਅੰਦਾਜ਼ ਕਰਨ ਵਾਲਿਆਂ ਲਈ ਇਹ ਵੀ ਨਿਰਾਰਥਕ ਹੋਣਾ ਚਾਹੀਦਾ ਹੈ।

ਜਲ੍ਹਿਆਂਵਾਲੇ ਬਾਗ ਉਤੇ ਇੱਕ ਕਿਤਾਬ ਉਤੇ ਕੰਮ ਕਰਦਿਆਂ ਅਤੇ ਉਸ ਕਤਲੇਆਮ ਸਬੰਧੀ ਲੜੀਵਾਰ ਪ੍ਰਦਰਸ਼ਨੀਆਂ ਲਗਾਉਂਦਿਆਂ ਮੇਰਾ ਪੱਕੇ ਇਰਾਦੇ ਨਾਲ ਮੰਨਣਾ ਹੈ ਕਿ ਸਾਨੂੰ ਉਹਨਾ ਲੋਕਾਂ, ਔਰਤਾਂ ਅਤੇ ਬੱਚਿਆਂ ਨੂੰ ਨਹੀਂ ਭੁੱਲਣਾ ਚਾਹੀਦਾ, ਜਿਹਨਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਅੱਜ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ਦਿੱਲੀ ਵਿੱਚ ਪ੍ਰਦਰਸ਼ਨੀ ਹੋ ਰਹੀ ਹੈ, ਜਿਸਨੂੰ ਦੇਖਿਆ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਪ੍ਰਦਰਸ਼ਨੀ ਵਿੱਚ ਤਸਵੀਰਾਂ, ਅੰਕੜੇ ਅਤੇ ਦਾਸਤਾਵੇਜ ਦੇਖੋਗੇ ਤਾ ਮੈਨੂੰ ਯਕੀਨ ਹੈ ਕਿ ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਕਿਉਂ ਬਰਤਾਨੀਆ ਦਾ ਮੁਆਫ਼ੀ ਮੰਗਣਾ ਉਚਿੱਤ ਅਤੇ ਸਨਮਾਨਜਨਕ ਹੋਏਗਾ।


# ਬੋਹੜ ਹੇਠ ਉੱਗਿਆ ਭਰਵਾਂ ਤੇ ਛਾਂਦਾਰ ਸਾਹਿਤਕ ਬੋਹੜ- ਡਾ: ਅਮਨਦੀਪ ਸਿੰਘ ਟੱਲੇਵਾਲੀਆ



ਮਨਦੀਪ ਖੁਰਮੀ ਹਿੰਮਤਪੁਰਾ

ਅਕਸਰ ਹੀ ਕਿਹਾ ਜਾਂਦੈ ਕਿ "ਬੋਹੜ ਹੇਠਾਂ ਬੋਹੜ ਨਹੀਂ ਉੱਗਦਾ।" ਮੇਰਾ ਮੰਨਣਾ ਹੈ ਕਿ ਜੇ ਪੱਥਰਾਂ ਦੀ ਹਿੱਕ ਪਾੜ ਕੇ ਬੀਜ ਪੁੰਗਰ ਸਕਦੇ ਹਨ ਤਾਂ ਬੋਹੜ ਹੇਠ ਇੱਕ ਗੋਲ੍ਹ 'ਚੋਂ ਨਿੱਕਲਿਆ ਬੀਜ ਬੋਹੜ ਦਾ ਰੁਤਬਾ ਕਿਉਂ ਨਹੀਂ ਹਾਸਲ ਕਰ ਸਕਦਾ? ਅਜਿਹਾ ਹੀ ਬੋਹੜ ਮੈਂ ਖੁਦ ਤੱਕਿਆ ਹੈ ਤੇ ਉਸਦੀ ਛਾਂ ਮਾਨਣ ਦਾ ਮੁੱਦਈ ਵੀ ਹਾਂ, ਜੋ ਆਪਣੇ ਬੋਹੜ ਪਿਓ ਦੀ ਬੁੱਕਲ ਦਾ ਨਿੱਘ ਮਾਣ ਕੇ, ਉਂਗਲ ਫੜ੍ਹ ਕੇ, ਕਦਮ ਨਾਲ ਕਦਮ ਮਿਲਾ ਕੇ ਖੁਦ ਵੀ ਬੋਹੜ ਵਰਗੀ ਹਸਤੀ ਦਾ ਮਾਲਕ ਬਣਿਆ ਹੈ।





ਉਸ ਮੋਹ-ਮੱਤੇ, ਸ਼ਹਿਦ ਵਰਗੇ ਬੋਲਾਂ ਦੇ ਮਾਲਕ ਦਾ ਨਾਂ ਹੈ ਡਾ: ਅਮਨਦੀਪ ਸਿੰਘ ਟੱਲੇਵਾਲੀਆ। ਲੇਖਕਾਂ ਦੀ ਨਗਰੀ ਵਜੋਂ ਜਾਣੇ ਜਾਂਦੇ ਸ਼ਹਿਰ ਬਰਨਾਲਾ ਦੇ ਕਚਿਹਰੀ ਚੌਂਕ ਲਾਗੇ ਆਪਣਾ ਡੇਰਾ ਜਮਾਈ ਬੈਠਾ ਅਮਨਦੀਪ ਸਿੰਘ ਟੱਲੇਵਾਲੀਆ ਆਪਣੇ ਘਰ ਵਿੱਚ ਹੀ ਹੋਮਿਓਪੈਥੀ ਕਲੀਨਿਕ ਚਲਾ ਰਿਹਾ ਹੈ। ਉਹਨਾਂ ਦੇ ਕਲੀਨਿਕ ਅੰਦਰ ਬਣਿਆ ਮਰੀਜ਼ਾਂ ਲਈ ਬਣਿਆ ਉਡੀਕ ਕਮਰਾ ਪਹਿਲੀ ਨਜ਼ਰੇ ਕਿਸੇ ਲਾਇਬਰੇਰੀ ਦਾ ਝਾਉਲਾ ਪਾਉਂਦਾ ਹੈ। ਚਾਰੇ ਕੰਧਾਂ ਉੱਪਰ ਨਿਵੇਕਲੇ ਢੰਗ ਨਾਲ ਸਜਾਈਆਂ ਪੁਸਤਕਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਸਾਹਿਤਕਾਰ ਪਿਓ ਡਾ: ਸੰਪੂਰਨ ਸਿੰਘ ਟੱਲੇਵਾਲੀਆ ਦੀ ਛਤਰ ਛਾਇਆ ਮਾਣ ਕੇ ਉਹਨਾਂ ਦਾ ਬੀਬਾ ਪੁੱਤ ਅਮਨਦੀਪ ਸਿਰਫ ਡਾ: ਅਮਨਦੀਪ ਸਿੰਘ ਟੱਲੇਵਾਲੀਆ ਹੀ ਨਹੀਂ ਬਣਿਆ ਸਗੋਂ ਸਾਹਿਤ ਤੇ ਕਲਾ ਨਾਲ ਵੀ ਆਪਣਾ ਪਿਆਰ ਪ੍ਰਵਾਨ ਚੜ੍ਹਾ ਰਿਹਾ ਹੈ। ਜਿਕਰਯੋਗ ਹੈ ਕਿ ਦੋਵੇਂ ਪਿਓ ਪੁੱਤ ਗਾਉਣ ਦੇ ਵੀ ਡਾਹਢੇ ਸ਼ੁਕੀਨ ਹਨ। ਜਿੱਥੇ ਕੁਝ ਸਮਾਂ ਪਹਿਲਾਂ ਦੋਵੇਂ ਬੋਹੜਾਂ ਨੇ ਆਪਣੀ ਆਵਾਜ਼ 'ਚ "ਨਿਮਾਣਿਆਂ ਦੇ ਮਾਣ" ਕਵੀਸ਼ਰੀ ਰਾਂਹੀਂ ਆਪਣੇ ਅੰਦਰਲੇ ਕਲਾਕਾਰ ਦੇ ਦੀਦਾਰੇ ਬਾਖ਼ੂਬੀ ਕਰਵਾਏ ਸਨ ਉੱਥੇ ਡਾ: ਅਮਨਦੀਪ ਸਿੰਘ ਨੇ "ਸ਼ਹੀਦ ਊਧਮ ਸਿੰਘ" ਅਤੇ "ਪੈਸੇ ਦੇ ਪੁੱਤ" ਗੀਤ ਵੀ ਸੰਗੀਤ ਜਗਤ ਦੀ ਝੋਲੀ ਪਾਏ ਹਨ।

ਜ਼ਿਲ੍ਹਾ ਬਰਨਾਲਾ ਦੇ ਪਿੰਡ ਟੱਲੇਵਾਲ 'ਚ ਪਿਤਾ ਸੰਪੂਰਨ ਸਿੰਘ ਤੇ ਮਾਤਾ ਜੁਗਰਾਜ ਕੌਰ ਦੇ ਘਰ ਜਨਮੇ ਅਮਨਦੀਪ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ 'ਚੋਂ ਹਾਸਲ ਕਰਕੇ ਆਪਣੇ ਪਿਤਾ ਜੀ ਵਾਂਗ ਡਾਕਟਰ ਬਣਨ ਲਈ ਹੋਮਿਓਪੈਥਿਕ ਬੀ ਐਚ ਐਮ ਐੱਸ ਦੀ ਡਿਗਰੀ ਅਬੋਹਰ ਕਾਲਜ਼ ਤੋਂ ਲਈ। ਗੁਰੂ ਨਾਨਕ ਦੇਵ ਹੋਮਿਓਪੈਥਿਕ ਕਾਲਜ ਲੁਧਿਆਣਾ ਤੋਂ ਐੱਮ ਡੀ ਦੀ ਡਿਗਰੀ ਹਾਸਲ ਕਰਕੇ ਆਪਣੇ ਨਾਮ ਨਾਲ ਡਾਕਟਰ ਵਿਸ਼ੇਸ਼ਣ ਲਗਾਉਣ ਦਾ ਮਾਣ ਹਾਸਲ ਕੀਤਾ। ਡਾ: ਅਮਨਦੀਪ ਸਿੰਘ ਟੱਲੇਵਾਲੀਆ ਵਰ੍ਹਿਆਂ ਬੱਧੀ ਕਿਤਾਬਾਂ ਨਾਲ ਜੂਝ ਕੇ ਸਿਰਫ ਡਾਕਟਰ ਬਣ ਕੇ, ਸਿਰਫ ਤੇ ਸਿਰਫ ਕਮਾਈ ਕਰਨ ਦੀ ਹੀ ਸੋਚ ਤੋਂ ਲੱਖਾਂ ਕੋਹਾਂ ਦੂਰ ਰਹਿਣ ਵਾਲੀ ਰੂਹ ਹੈ। ਆਪਣੀਆਂ ਸਰੀਰਕ ਸਮੱਸਿਆਵਾਂ ਦੀ ਦਵਾਈ ਲੈਣ ਆਏ ਮਰੀਜ਼ ਨੂੰ ਮਿੱਠੇ ਤੇ ਹਮਦਰਦੀ ਭਰੇ ਬੋਲਾਂ ਨਾਲ ਮਾਨਸਿਕ ਤੌਰ 'ਤੇ ਭਲਵਾਨ ਬਣਾ ਕੇ ਤੋਰਨਾ ਉਸਦੀ ਯੋਗਤਾ ਹੈ। ਜ਼ਿੰਦਗੀ ਦੀਆਂ ਬਾਤਾਂ ਪਾਉਂਦਾ ਇਹ ਰੰਗ ਰੰਗੀਲਾ ਸੱਜਣ ਜਿੱਥੇ ਮਲਵਈ ਗਿੱਧੇ, ਭੰਗੜੇ ਦਾ ਦਿਲੋਂ ਮੁਰੀਦ ਹੈ ਉੱਥੇ ਪੰਜਾਬੀ ਪਾਠਕਾਂ ਨੂੰ ਹੌਸਲਿਆਂ ਦੇ ਟੀਕੇ ਲਾਉਣ ਵਰਗੀ ਲੇਖਾਂ ਦੀ ਕਿਤਾਬ "ਆਓ ਜਿਉਣਾ ਸਿੱਖੀਏ" ਵੀ ਪਾ ਚੁੱਕਾ ਹੈ। ਵੱਖ ਵੱਖ ਅਖ਼ਬਾਰਾਂ ਰਾਂਹੀਂ ਆਪਣੀ ਕਲਮ ਦਾ ਚਾਨਣ ਬਿਖੇਰਦਾ ਰਹਿਣ ਵਾਲਾ ਡਾ: ਅਮਨਦੀਪ ਸਿੰਘ ਤੇ ਪਿਤਾ ਡਾ: ਸੰਪੂਰਨ ਸਿੰਘ ਮਾਲਵਾ ਸਾਹਿਤ ਸਭਾ ਬਰਨਾਲਾ ਦੀ ਰੀੜ੍ਹ ਦੀ ਹੱਡੀ ਬਣ ਕੇ ਸਾਹਿਤਕ ਖੇਤਰ ਵਿੱਚ ਬਹੁਮੁੱਲਾ ਯੋਗਦਾਨ ਪਾਉਂਦੇ ਆ ਰਹੇ ਹਨ। ਜਿਸ ਤਰ੍ਹਾਂ ਅਮਨਦੀਪ ਸਿੰਘ ਨੇ ਸਪੂਤ ਬਣ ਕੇ ਆਪਣੇ ਪਿਤਾ ਦੇ ਸਦਗੁਣਾਂ ਨੂੰ ਚਾਰ ਚੰਨ ਲਾਏ ਹਨ ਤਾਂ ਕਿਹੜਾ ਬੋਹੜ ਪਿਓ ਨਹੀਂ ਚਾਹੇਗਾ ਕਿ ਉਸਦਾ ਪੁੱਤ ਵੀ ਉਸ ਵਾਂਗ ਬੋਹੜ ਨਾ ਬਣੇ?

# ਜਰਖੜ ਐਸਟਰੋਟਰਫ ਦਾ ਹੋਇਆ ਨਵੀਨੀਕਰਨ - ਗ੍ਰਾਊਡ ਦੇ ਆਲੇ-ਦੁਆਲੇ ਚੀਨ ਦੀ ਬਣੀ ਲਗਾਈ ਹਰੀ ਪੱਟੀ

**ਲੁਧਿਆਣਾ-** ਮਾਤਾ ਸਾਹਿਬ ਕੌਰ ਸੋਪਰਟਸ ਚੈਰੀਟੇਬਲ ਟਰੱਸਟ ਜਰਖੜ ਨੇ ਆਪਣੇ ਹਾਕੀ ਸਟੇਡੀਅਮ ਦੇ ਐਸਟ੍ਰੋਟਰਫ ਦਾ ਨਵੀਨੀਕਰਨ ਕੀਤਾ ਹੈ। ਐਸਟ੍ਰੋਟਰਫ ਗ੍ਰਾਊਂਡ ਦੇ ਆਲੇ ਦੁਆਲੇ ਦੀ ਲਾਲ ਪੱਟੀ ਨੂੰ ਬਦਲ ਕੇ ਚੀਨ ਦੀ ਬਣੀ ਨਵੀਂ ਹਰੀ ਪੱਟੀ ਲਾਈ ਗਈ ਹੈ। ਜਿਸ ਨਾਲ ਗ੍ਰਾਊਂਡ ਦੀ ਸਮਰਥਾ 'ਚ ਤਾਂ ਵਾਧਾ ਹੋਇਆ ਹੀ ਹੈ, ਨਾਲ ਹੀ ਐਸਟਰੋਟਰਫ ਦੀ ਮਿਆਦ ਵੀ ਮਜਬੂਤ ਹੋਈ ਹੈ। ਜਰਖੜ ਹਾਕੀ ਅਕੈਡਮੀ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਤੇ ਪ੍ਰਧਾਨ ਪਰਮਜੀਤ ਸਿੰਘ ਨੀਟੂ ਨੇ ਦੱਸਿਆ ਕਿ ਨਵੀਂ ਐਸਟਰੋਟਰਫ ਪੱਟੀ ਜੋ ਚੀਨ ਤੋਂ ਮੰਗਵਾਈ ਹੈ ਜਿਸ ਉੱਪਰ ਲਗਭਗ 2 ਲੱਖ ਰੁਪਏ ਦੀ ਲਾਗਤ ਆਈ ਹੈ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਦੀ ਮੈੱਸ ਵਿਚ ਇੱਕ ਸ਼ੈਡ ਬਣਾਇਆ ਗਿਆ ਹੈ ਤੇ ਜਰਖੜ ਸਟੇਡੀਅਮ ਦੇ ਹੋਸਟਲ ਦੇ ਉੱਪਰ 3 ਲੱਖ ਦੀ ਲਾਗਤ ਦੇ ਨਾਲ ਫਰਸ਼ ਲਾਇਆ ਗਿਆ ਹੈ। ਇਹ ਸਾਰਾ ਖਰਚਾ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕਾਂ ਨੇ ਆਪਣੇ ਉਪਰਾਲਿਆਂ ਨਾਲ ਕੀਤਾ ਹੈ। ਅੱਜ ਜਰਖੜ ਅਕੈਡਮੀ 'ਚ ਹੋਈ ਮੀਟਿੰਗ 'ਚ ਚੇਅਰਮੈਨ ਨਰਿੰਦਪਾਲ ਸਿੰਘ ਸਿੱਧੂ ਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ 9ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 4 ਮਈ ਤੋਂ 2 ਜੂਨ ਤੱਕ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਫੈਸਟੀਵਲ ਦੇ ਸਾਰੇ ਮੈਚ ਹਫਤਾਵਰੀ ਸ਼ਨੀਵਾਰ ਤੇ ਐਤਵਾਰ ਨੂੰ ਫਲੱਡ ਲਾਈਟਾਂ ਦੀ ਰੌਸ਼ਨੀ 'ਚ ਹੋਣਗੇ। ਇਹ ਮੈਚ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਚੱਲਿਆ ਕਰਨਗੇ। ਇਸ ਵਿਚ ਸੀਨੀਅਰ ਵਰਗ 35 ਸਾਲ ਤੋਂ ਉੱਪਰ, ਅੰਡਰ-17 ਸਾਲ ਅਤੇ ਹੇਠਲੇ ਲੈਵਲ 'ਤੇ ਹਾਕੀ ਨੂੰ ਮਜਬੂਤ ਕਰਨ ਲਈ ਅੰਡਰ-10 ਸਾਲ ਹਾਕੀ ਦੇ ਮੁਕਾਬਲੇ ਕਰਾਏ ਜਾਣਗੇ। ਇੰਨ੍ਹਾਂ ਮੁਕਾਬਲਿਆਂ ਲਈ 20 ਦੇ ਕਰੀਬ ਟੀਮਾਂ ਹਿੱਸਾ ਲੈਣਗੀਆਂ। ਇਹ ਮੁਕਾਬਲੇ ਲੀਗ ਕਮ ਨਾਕ ਆਊਟ ਪ੍ਰਣਾਲੀ ਦੇ ਅਧਾਰ 'ਤੇ ਹੋਣਗੇ। ਅੱਜ ਦੀ ਮੀਟਿੰਗ 'ਚ ਸਕੱਤਰ ਜਗਦੀਪ ਸਿੰਘ ਕਾਹਲੋਂ, ਮਨਦੀਪ ਸਿੰਘ, ਤੇਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਪੰਧੇਰ, ਰਣਜੀਤ ਸਿੰਘ ਦੁਲੇਂਅ, ਸ਼ਿੰਗਾਰਾ ਸਿੰਘ ਜਰਖੜ, ਯਾਦਵਿੰਦਰ ਸਿੰਘ ਤੂਰ, ਸਾਹਿਬਜੀਤ ਸਿੰਘ ਜਰਖੜ, ਸੰਦੀਪ ਸਿੰਘ ਸੋਨੂ, ਗੁਰਸਤਿੰਦਰ ਸਿੰਘ ਪਰਗਟ ਆਦਿ ਹੋਰ ਪ੍ਰਬੰਧਕ ਹਾਜ਼ਰ ਸਨ।



ਇਸ ਮੌਕੇ ਸ਼ਿੰਗਾਰਾ ਸਿੰਘ ਜਰਖੜ ਨੇ ਦੱਸਿਆ ਕਿ 4 ਮਈ ਨੂੰ ਜਰਖੜ ਸਟੇਡੀਅਮ ਵਿਖੇ ਸਹਿਜ ਪਾਠ ਦੀ ਅਰੰਭਤਾ ਹੋਏਗੀ, ਜਿਸਦੇ 11 ਮਈ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹਾਕੀ ਫੈਸਟੀਵਲ ਦੀਆਂ ਤਿਆਰੀਆਂ ਪੂਰੇ ਜੋਰਾਂ ਨਾਲ ਸ਼ੁਰੂ ਕਰ ਦਿੱਤੀਆਂ ਹਨ।

# ਡਾਕਟਰ ਅੰਬੇਡਕਰ, ਭਾਰਤੀ ਲੋਕਤੰਤਰ ਅਤੇ 17ਵੀਆਂ ਲੋਕ ਸਭਾ ਚੋਣਾਂ



ਐਸ ਐਲ ਵਿਰਦੀ ਐਡਵੋਕੇਟ
91-98145 17499

ਡਾ. ਬਾਬਾ ਸਾਹਿਬ ਅੰਬੇਡਕਰ 14 ਅਪ੍ਰੈਲ 1891 ਨੂੰ ਮਹੂ ਛਾਉਣੀ 'ਚ ਇਕ ਗਰੀਬ ਪਰਿਵਾਰ ਵਿਚ ਪੈਦਾ ਹੋਏ ਤੇ 65 ਸਾਲ ਦੇਸ਼ ਸਮਾਜ ਦੀ ਸੇਵਾ ਕਰਕੇ ਉਹ 6 ਦਸੰਬਰ 1956 ਨੂੰ ਪ੍ਰੀਨਿਰਵਾਣ ਪ੍ਰਾਪਤ ਕਰ ਗਏ। ਉਹਨਾਂ ਦੇ ਜੀਵਨ ਸੰਘਰਸ਼ ਬਾਰੇ ਲਿੱਖਣ ਲਈ ਸ਼ਬਦਾਂ ਦੀ ਘਾਟ ਮਹਿਸੂਸ ਹੁੰਦੀ ਹੈ ਕਿਉਕਿ ਉਹਨਾਂ ਦਾ ਸਮੁੱਚਾ ਜੀਵਨ ਦੁੱਖਾਂ, ਤਕਲੀਫਾਂ ਤੰਗੀਆਂ ਤੁਰਸੀਆਂ ਤੇ ਰੌਂਗਟੇ ਖੜ੍ਹੇ ਕਰਨ ਵਾਲੀਆਂ ਅਪਮਾਨਤ ਦੁਰਘਟਨਾਵਾਂ ਦੀ ਗਾਥਾ ਹੈ। ਉਨ੍ਹਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ-ਜਨਤਕ ਥਾਵਾਂ, ਸਕੂਲ, ਕਾਲਜਾਂ, ਹੋਟਲਾਂ, ਹੋਸਟਲਾਂ, ਗੱਡੀਆਂ, ਦੁਕਾਨਾਂ, ਮੰਦਰਾਂ, ਸਰਾਂਵਾਂ, ਦਫਤਰਾਂ ਵਿੱਚੋਂ ਅਪਮਾਨਤ ਕਰਕੇ ਬਾਰ ਬਾਰ ਕੱਢਿਆ ਗਿਆ। ਇਸ ਲਗਾਤਾਰ ਭੇਦ-ਭਾਵ, ਅਪਮਾਨ, ਅਨਿਆਂ, ਅੱਤਿਆਚਾਰਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਭੁੱਖਣ-ਭਾਣੇ ਰਹਿਕੇ ਵਿਦੇਸ਼ਾਂ ਦੀਆਂ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚੋਂ ਪੰਜ ਐਮ ਏ, ਪੀ ਐਚ ਜੀ, ਡੀ ਐਸ ਸੀ, ਡੀ ਲਿੱਟ, ਬਾਰ ਐਟ ਲਾਅ ਉਚ ਪੱਧਰੀ ਦਰਜਨਾਂ ਡਿਗਰੀਆਂ ਪ੍ਰਾਪਤ ਕੀਤੀਆਂ, ਜਿਹਨਾਂ ਦਾ ਕੋਈ ਮੁਕਾਬਲਾ ਨਹੀ?

ਡਾਕਟਰ ਅੰਬੇਡਕਰ ਜੀ ਆਪਣੇ ਸਮਕਾਲੀਆਂ ਵਿੱਚੋ ਵਿੱਦਿਆਂ ਅਤੇ ਸਿੱਖਿਆ ਪੱਖੋਂ ਸਭ ਤੋਂ ਮੋਹਰੀ ਹਨ। ਉਹਨਾਂ ਦੀ ਆਪਣੀ ਨਿੱਜੀ ਲਾਇਬਰੇਰੀ ਵਿਚ ਰਾਜਨੀਤੀ ਸ਼ਾਸਤਰ ਦੇ 300 ਗ੍ਰੰਥ, ਇਤਿਹਾਸ ਦੇ 2500 ਗ੍ਰੰਥ, ਧਰਮ ਸਬੰਧੀ 200 ਗ੍ਰੰਥ, ਸਾਹਿਤ ਨਾਲ ਸਬੰਧਤ 13000 ਗ੍ਰੰਥ, ਸਵੈਜੀਵਨੀਆਂ ਦੇ 1200 ਗ੍ਰੰਥ, ਅਰਥਸ਼ਾਸਤਰ ਦੇ 100 ਗ੍ਰੰਥ, ਮਰਾਠੀ ਦੇ ਗ੍ਰੰਥ 800 ਗ੍ਰੰਥ, ਰਿਪੋਰਟ ਆਦਿ ਦੇ 100 ਗ੍ਰੰਥ, ਤੱਤਵਗਿਆਨ ਦੇ 600 ਗ੍ਰੰਥ, ਭਾਸ਼ਣ ਪੱਤਰ ਆਦਿ 600 ਗ੍ਰੰਥ, ਹਿੰਦੀ ਦੇ ਗ੍ਰੰਥ 500 ਗ੍ਰੰਥ, ਸੰਦਰਭ ਗ੍ਰੰਥ ਦੇ 400 ਗ੍ਰੰਥ, ਯੁੱਧਾਂ ਨਾਲ ਸਬੰਧਤ 300 ਗ੍ਰੰਥ, ਸੰਸਕ੍ਰਿਤ ਦੇ 200 ਗ੍ਰੰਥ, ਬੁੱਧ ਧਰਮ ਪਾਲੀ ਸਾਹਿਤ, ਮਰਾਠੀ ਸਾਹਿਤ ਅਤੇ ਕਈ ਹੋਰ ਭਾਸ਼ਾਵਾਂ ਦੇ ਸ਼ਬਦ ਕੋਸ਼ ਆਦਿ ਦੇ 2000 ਗ੍ਰੰਥਾਂ ਤੋਂ ਅਧਿਕ, ਹਿਸਟੋਰੀ ਆਫ ਦਾ ਵਰਲਡ ਦੇ 25 ਭਾਗ, ਇਨਸਾਈਕਲੋਪੀਡੀਆ ਦੇ 29 ਭਾਗ, ਇਨਸਾਈਕਲੋਪੀਡੀਆ ਸਾਇੰਸਜ ਦੇ 15 ਭਾਗ, ਇਨਸਾਈਕਲੋਪੀਡੀਆ ਐਜੂਕੇਸ਼ਨ ਦੇ 14 ਭਾਗ ਅਤੇ ਹੋਰ ਫੁਟਕਲ 32000 ਦੇ ਕਰੀਬ ਪੁਸਤਕਾਂ ਸਨ। ਮਹਾਮਾਨਵ ਕਾਰਲ ਮਾਰਕਸ ਦੇ ਸਿਵਾਏ, ਕਿਸੇ ਨੇ ਵੀ ਅਣਗਿਣਤ ਵਿਸ਼ਿਆਂ ਉਤੇ ਵਿਸ਼ਵ ਪ੍ਰਸਿੱਧ ਯੂਨੀਵਰਸਿਟੀਆਂ ਵਿੱਚ ਇੰਨਾ ਅਧਿਐਨ ਨਹੀਂ ਕੀਤਾ। ਉਹ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ ਅੰਤਰਰਾਸ਼ਟਰੀ ਵਿਦਵਾਨ ਬਣੇ। ਦੂਸਰੇ ਦੇਸ਼ਾਂ ਨੇ ਡਾ.ਅੰਬੇਡਕਰ ਦੀ ਵਿਦਵਤਾ ਦਾ ਲੋਹਾ ਮੰਨਦਿਆਂ ਹੀ ਉਹਨਾਂ ਨੂੰ 'ਸਿੰਬਲ ਆਫ ਨੌਲਜ਼' ਦਾ ਅਵਾਰਡ ਦੇ ਕੇ ਸਨਮਾਤ ਕੀਤਾ ਹੈ।

ਲੋਕਤੰਤਰ ਕੀ ਹੈ? ਡਾ. ਅੰਬੇਡਕਰ ਕਹਿੰਦੇ, "ਸਰਕਾਰ ਦਾ ਉਹ ਢੰਗ-ਤਰੀਕਾ ਜਿਸ ਰਾਹੀਂ ਲੋਕਾਂ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਜੀਵਨ 'ਚ ਬਿਨਾਂ ਖੂਨ-ਖਰਾਬੇ ਦੇ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਉਹ ਲੋਕਤੰਤਰ ਹੀ ਹੈ। ਉਹਨਾਂ ਕਿਹਾ ਕਿ ਜੇ ਲੋਕਤੰਤਰ ਨੇ ਇੱਕ ਵਿਅਕਤੀ, ਇਕ ਵੋਟ, ਇੱਕ ਕੀਮਤ ਦੇ ਸਿਧਾਂਤ ਉਤੇ ਚਲਣਾ ਹੈ ਤਾਂ ਸਾਨੂੰ ਦਲੇਰੀ ਨਾਲ ਭਾਰਤੀ ਸਮਾਜ ਦੇ ਆਰਥਿਕ ਅਤੇ ਰਾਜਨੀਤਕ ਢਾਂਚੇ ਨੂੰ ਸੰਵਿਧਾਨ ਦੇ ਕਾਨੂੰਨਾਂ ਦੁਆਰਾ ਪ੍ਰੀਭਾਸ਼ਤ ਕਰਨਾ ਹੋਵੇਗਾ। ਉਹਨਾਂ ਕਿਹਾ, "ਇਹ ਕੇਵਲ ਜੀਵਨ ਦੇ ਹਰ ਪੱਖ ਵਿੱਚ ਬਰਾਬਰਤਾ ਅਤੇ ਭਾਈਚਾਰੇ ਦੀ ਹੋਂਦ ਨਾਲ ਹੀ ਹੋ ਸਕਦਾ ਹੈ, ਭਾਵ ਜਦ ਤੱਕ ਜਾਤੀ ਅਤੇ ਜਮਾਤੀ ਰਹਿਤ ਸਮਾਜ ਦੀ ਸਥਾਪਨਾ ਨਹੀਂ ਹੋ ਜਾਂਦੀ, ਤਦ ਤੱਕ ਅਜ਼ਾਦੀ ਦਾ ਕੋਈ ਮਹੱਤਵ ਨਹੀਂ ਹੈ।'' ਉਹਨਾਂ ਕਿਹਾ,

"26 ਜਨਵਰੀ, 1950 ਨੂੰ ਜਦ ਭਾਰਤ ਦਾ ਨਵਾਂ ਸੰਵਿਧਾਨ ਲਾਗੂ ਹੋਵੇਗਾ ਤਾਂ ਭਾਰਤ ਇੱਕ ਖ਼ੁਦਮੁਖ਼ਤਾਰ ਲੋਕ-ਰਾਜੀ ਗਣਤੰਤਰ ਦੇਸ਼ ਬਣਿਆ ਹੋਵੇਗਾ। ਦੇਸ਼ ਦੇ ਹਰ 21 ਤੇ ਹੁਣ 18 ਸਾਲ ਦੇ ਬਾਲਗ਼ ਇਸਤਰੀ ਮਰਦ ਨੂੰ ਵੋਟ ਦੇਣ ਦਾ ਬਰਾਬਰ ਅਧਿਕਾਰ ਦੇ ਕੇ ਅਤੇ ਚੁਣੇ ਜਾਣ ਉਪਰੰਤ ਦੇਸ਼ ਦੇ ਰਾਜ-ਕਾਜ ਨੂੰ ਚਲਾਉਣ ਲਈ, ਹਰੇਕ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੇ ਅਧਿਕਾਰਾਂ ਨੂੰ ਮਾਣਨ ਲਈ ਲੋਕ-ਰਾਜੀ ਗਣਤੰਤਰ ਅਰਥਾਤ ਪਾਰਲੀਮੈਂਟਰੀ ਲੋਕਤੰਤਰ ਨੂੰ ਅਪਣਾਇਆ ਗਿਆ ਹੈ। ਦੇਸ਼ ਵਿਚ ਹਰ ਪੰਜ ਸਾਲ ਪਿੱਛੋਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ-ਕੇਂਦਰ ਵਿੱਚ ਪਾਰਲੀਮੈਂਟ ਰਾਹੀਂ ਵਜ਼ਾਰਤ ਬਣਾਉਣ ਅਤੇ ਦੇਸ਼ ਦੇ ਰਾਜਾਂ ਵਿੱਚ ਅਸੈਂਬਲੀਆਂ ਰਾਹੀਂ ਵਜ਼ਾਰਤਾਂ ਬਣਾਉਣ ਦੀ ਇਕ ਸਾਰ ਵਿਵਸਥਾ ਕੀਤੀ ਗਈ ਹੈ। ਉਹਨਾਂ ਕਿਹਾ, ਸੰਵਿਧਾਨ ਜਿੱਥੇ ਸਾਨੂੰ ਪ੍ਰਸ਼ਾਸਨ ਚਲਾਉਣ ਅਤੇ ਰਾਸ਼ਟਰੀ ਜੀਵਨ ਨੂੰ ਵਧੀਆਂ ਢੰਗ ਨਾਲ ਅੱਗੇ ਵਧਾਉਣ ਲਈ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਅਜ਼ਾਦ ਨਿਆਂ ਪਾਲਿਕਾ ਵਰਗੀਆਂ ਸੰਸਥਾਵਾਂ ਮੁਹੱਈਆ ਕਰਵਾਉਂਦਾ, ਉਥੇ



ਹੀ ਸੰਵਿਧਾਨ ਨਿਰਦੇਸ਼ਿਕ ਸਿਧਾਂਤਾਂ ਰਾਹੀਂ ਸਰਕਾਰਾਂ ਨੂੰ ਆਦੇਸ਼ ਵੀ ਦਿੰਦਾਂ ਹੈ ਕਿ ਦੇਸ਼ ਦੀਆਂ ਸਿਆਸੀ ਪਾਰਟੀਆਂ ਰਾਸ਼ਟਰ ਨੂੰ ਸੁਰੱਖਿਅਤ ਅਤੇ ਵਿਕਾਸਸ਼ੀਲ ਬਣਾਉਣ ਦੀ ਕੋਸ਼ਿਸ਼ ਕਰਨਗੀਆਂ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦਾ ਉਦੇਸ਼, ਅਵੱਸ਼ਕ ਸਥਿਤੀਆਂ ਪੈਦਾ ਕਰਕੇ ਸਮਾਜਿਕ ਇਨਕਲਾਬ ਦੇ ਲਕਸ਼ ਨੂੰ ਪ੍ਰਾਪਤ ਕਰਨਾ ਹੈ। ਰਾਜਨੀਤਕ ਵਿਵਸਥਾ ਦੇ ਨਾਲ ਨਾਲ ਸਮਾਜਿਕ-ਆਰਥਿਕ ਵਿਵਸਥਾ ਨੂੰ ਵੀ ਮਜ਼ਬੂਤ ਕਰਨਾ ਹੋਵੇਗਾ। ਸੰਵਿਧਾਨ 'ਚ ਦੋਹਾਂ ਲਈ ਸਾਂਝੀ ਵਿਵਸਥਾ ਕੀਤੀ ਗਈ ਹੈ।''

ਉਹਨਾਂ ਕਿਹਾ; "26 ਜਨਵਰੀ 1950 ਨੂੰ ਅਸੀਂ ਇੱਕ ਟਕਰਾਵੀਂ ਜ਼ਿੰਦਗੀ ਵਿੱਚ ਪ੍ਰਵੇਸ਼ ਕਰ ਰਹੇ ਹਾਂ। ਰਾਜਨੀਤੀ ਵਿੱਚ ਅਸੀਂ ਬਰਾਬਰ ਹੋਵਾਂਗੇ। ਰਾਜਨੀਤੀ ਵਿੱਚ ਅਸੀਂ ਇੱਕ ਆਦਮੀ, ਇੱਕ ਵੋਟ, ਇੱਕ ਕੀਮਤ ਦੇ ਅਸੂਲ ਨੂੰ ਪ੍ਰਵਾਨ ਕਰਾਂਗੇ। ਪਰ ਸਮਾਜਿਕ ਤੇ ਆਰਥਿਕ ਜੀਵਨ ਵਿੱਚ ਅਸੀਂ ਇੱਕ ਆਦਮੀ ਇੱਕ ਕਦਰ ਦੇ ਅਸੂਲ ਤੋਂ ਮੁਨਕਰ ਹੁੰਦੇ ਰਹਾਂਗੇ। ਕਿੰਨੀ ਦੇਰ ਅਸੀਂ ਟਕਰਾਵੀ ਜ਼ਿੰਦਗੀ ਗੁਜਾਰਦੇ ਰਹਾਂਗੇ? ਕਿੰਨੀ ਦੇਰ ਤੱਕ ਅਸੀਂ ਸਮਾਜੀ ਤੇ ਆਰਥਿਕ ਜੀਵਨ ਵਿੱਚ ਬਰਾਬਰੀ ਤੋਂ ਇਨਕਾਰ ਕਰਦੇ ਰਹਾਂਗੇ? ਜੇਕਰ ਅਸੀਂ ਲਗਾਤਾਰ ਕਾਫੀ ਚਿਰ ਸਮਾਜਿਕ ਤੇ ਆਰਥਿਕ ਬਰਾਬਰੀ ਤੋਂ ਇਨਕਾਰ ਕਰਦੇ ਰਹੇ ਤਾਂ ਅਸੀਂ ਆਪਣੀ ਰਾਜਨੀਤਕ ਅਜ਼ਾਦੀ ਨੂੰ ਵੀ ਖਤਰੇ ਵਿਚ ਪਾ ਕੇ ਰਹਾਂਗੇ। ਸਾਨੂੰ ਇਸ ਫਰਕ ਨੂੰ ਛੇਤੀ ਤੋਂ ਛੇਤੀ ਦੂਰ ਕਰਨਾ ਹੋਵੇਗਾ, ਵਰਨਾ ਉਹ ਲੋਕ ਜੋ ਸਮਾਜਿਕ-ਆਰਥਿਕ ਨਾਬਰਾਬਰੀ ਤੋਂ ਪੀੜਤ ਹਨ ਉਹ ਰਾਜਨੀਤਕ ਲੋਕਤੰਤਰ ਦੇ ਢਾਂਚੇ ਨੂੰ ਉਜਾੜ ਦੇਣਗੇ, ਜੋ ਇਸ ਵਿਧਾਨ ਸਭਾ ਨੇ ਇੰਨੀ ਸਖ਼ਤ ਮਿਹਨਤ ਨਾਲ ਬਣਾਇਆ ਹੈ।''

ਉਹਨਾਂ ਕਿਹਾ, "ਭਾਰਤ ਵਿੱਚ ਜਾਤਾਂ ਹਨ। ਇਹ ਜਾਤਾਂ ਦੇਸ਼ ਦੀਆਂ ਦੁਸ਼ਮਣ ਹਨ। ਸਭ ਤੋਂ ਪਹਿਲਾਂ ਤਾਂ ਇਹ ਇਸ ਲਈ ਦੇਸ਼ ਦੀਆਂ ਦੁਸ਼ਮਣ ਹਨ ਕਿਉਂਕਿ ਇਹ ਸਮਾਜੀ ਜੀਵਨ ਵਿੱਚ ਜੁਦਾ ਪਨ ਪੈਦਾ ਕਰਦੀਆਂ ਹਨ। ਜਾਤਾਂ ਇਸ ਲਈ ਵੀ ਦੇਸ਼ ਦੇ ਖਿਲਾਫ਼ ਹਨ ਕਿਉਂਕਿ ਇਹ ਈਰਖਾ$^{2}$ ਅਤੇ ਨਫ਼ਰਤ ਪੈਦਾ ਕਰਦੀਆਂ ਹਨ। ਜੇਕਰ ਅਸੀਂ ਅਸਲ ਵਿੱਚ ਇੱਕ ਕੌਮ ਬਣਨਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰੀਆਂ ਕਠਨਾਈਆਂ ਉਤੇ ਕਾਬੂ ਪਾਉਣਾ ਹੋਵੇਗਾ। ਜਾਤ ਪਾਤ ਖਤਮ ਕਰਕੇ ਆਪਸੀ ਭਾਈਚਾਰਾ ਕਾਇਮ ਕਰਨਾ ਹੋਵੇਗਾ। ਭਾਈਚਾਰੇ ਤੋਂ ਬਗੈਰ ਰਾਜਨੀਤਕ ਆਜ਼ਾਦੀ ਦਾ ਕੋਈ ਮਹੱਤਵ ਨਹੀਂ ਹੈ। ਭਾਈਚਾਰਾ ਤਦ ਕਾਇਮ ਹੋਵੇਗਾ ਜਦ ਸਭ ਲੋਕ ਆਪਣੇ ਜਾਤੀ ਮਜ਼ਹਬ ਤਿਆਗ ਕੇ ਸਿਰਫ ਤੇ ਸਿਰਫ ਭਾਰਤੀ ਕਹਿਲਾਉਣਗੇ।''

ਉਹਨਾਂ ਕਿਹਾ ਕਿ ਜਾਤ ਅਤੇ ਅੰਧਵਿਸ਼ਵਾਸਾਂ ਦੀ ਸ਼ਕਲ 'ਚ ਸਾਡੇ ਪੁਰਾਣੇ ਦੁਸ਼ਮਣਾਂ ਤੋਂ ਇਲਾਵਾ ਅਸੀਂ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪਣਾ ਰਹੇ ਹਾਂ, ਇਹਨਾਂ ਰਾਜਨੀਤਕ ਪੀਰਟੀਆਂ ਦੇ ਵੱਖੋ-ਵੱਖ ਅਤੇ ਇੱਕ ਦੂਜੇ ਤੋਂ ਵਿਰੁੱਧ ਅਕੀਦੇ (ਸਵਾਰਥ) ਹਨ। ਮੈਨੂੰ ਨਹੀਂ ਪਤਾ ਕਿ ਇਹ ਪਾਰਟੀਆਂ ਆਪਣੇ ਸਵਾਰਥਾਂ ਨੂੰ ਦੇਸ਼ ਤੋਂ ਵੱਧ ਤਰਜੀਹ ਦੇਣਗੀਆਂ ਜਾਂ ਦੇਸ਼ ਨੂੰ! ਪਰ ਇਹ ਗੱਲ ਯਕੀਨੀ ਹੈ ਕਿ ਜੇਕਰ ਪਾਰਟੀਆਂ ਨੇ ਸਵਾਰਥਾਂ ਨੂੰ ਦੇਸ਼ ਤੋਂ ਵੱਧ ਤਰਜੀਹ ਦਿੱਤੀ ਤਾਂ ਸਾਡੀ ਆਜ਼ਾਦੀ ਦੁਬਾਰਾ ਖਤਰੇ ਵਿੱਚ ਪਾ ਦਿੱਤੀ ਜਾਵੇਗੀ। ਸਾਨੂੰ ਮਜ਼ਬੂਤੀ ਨਾਲ ਇਸ ਖਤਰੇ ਵਿਰੁੱਧ ਡੱਟਣਾ ਹੋਵੇਗਾ। ਉਹਨਾਂ ਕਿਹਾ, "ਭਾਰਤੀ ਸੰਵਿਧਾਨ ਦੀ ਇਹ ਵਿਸ਼ੇਸ਼ਤਾ ਹੈ ਕਿ ਪ੍ਰੱਭੂਸਤਾ ਲੋਕਾਂ ਪਾਸ ਹੈ, ਪਰ ਇਸ ਦੀ ਵਰਤੋਂ ਉਹਨਾਂ ਦੇ ਚੁਣੇ ਨੁਮਾਇੰਦੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

ਦੇਸ਼ ਵਿਚ 17ਵੀ ਲੋਕ ਸਭਾ ਦੀ ਚੋਣ ਲਈ ਵੋਟਾਂ ਪੈ ਰਹੀਆਂ ਹਨ। ਪਛਲੇ ਮਹੀਨੇ ਦੇ ਅੱਧ 'ਚ ਪੁਲਵਾਮਾ ਵਿਖੇ ਸੀ ਆਰ ਪੀ ਐਫ਼ ਦੇ ਕਾਫ਼ਲੇ 'ਤੇ ਹੋਏ ਆਤਮਘਾਤੀ ਹਮਲੇ, ਜਿਸ ਵਿੱਚ 41 ਜਵਾਨ ਸ਼ਹੀਦ ਹੋ ਗਏ ਸਨ, ਇਸ ਮੰਦਭਾਗੀ ਘਟਨਾ ਅਤੇ ਦੇਸ਼ ਦੀ ਸੁਰੱਖਿਆ ਲਈ ਕੀਤੀਆਂ ਗਈਆ ਅੱਤ ਸੰਵੇਦਨਸ਼ੀਲ ਫ਼ੌਜੀ ਕਾਰਵਾਈਆਂ ਅਤੇ ਜਾਤ, ਮਜ਼ਹਬ, ਇਲਾਕਿਆਂ ਨੂੰ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਆਪਣੇ ਨਿੱਜੀ ਸਵਾਰਥਾ ਲਈ ਆਪਣਾ ਚੋਣ ਮੁੱਦਾ ਬਣਾ ਲਿਆ ਹੈ। ਰਾਜਨੀਤਕ ਪਾਰਟੀਆਂ ਦੇ ਆਗੂ ਸੰਵਿਧਾਨਕ ਨਿਰਦੇਸ਼ਾਂ 'ਤੇ ਪਹਿਰਾ ਨਹੀ ਦੇ ਰਹੇ। ਸੰਵਿਧਾਨ ਘਾੜਿਆਂ ਨੇ ਸਮਾਨਤਾ ਲਈ ਸੰਵਿਧਾਨ ਵਿੱਚ ਹੀ ਇਸ ਦਾ ਟੀਚਾ 10 ਸਾਲ ਮਿਥਿਆ ਸੀ, ਪਰ ਆਗੂ ਇਸ ਨੂੰ ਹਕੀਕਤ 'ਚ ਨਹੀ ਬਦਲ ਸਕੇ।''

ਡਾਕਟਰ ਅੰਬੇਡਕਰ ਕਹਿੰਦੇ, "ਕੋਈ ਵੀ ਸੰਵਿਧਾਨ ਭਾਵੇ ਕਿੰਨਾਂ ਵੀ ਚੰਗਾ ਕਿਉਂ ਨਾ ਹੋਵੇ, ਜੇ ਲਾਗੂ ਕਰਨ ਵਾਲੇ ਮਾੜੇ ਹੋਏ ਤਾਂ ਇਹੀ ਸੰਵਿਧਾਨ ਮਾੜਾ ਸਿੱਧ ਹੋਵੇਗਾ। ਜੇ ਲਾਗੂ ਕਰਨ ਵਾਲੇ ਚੰਗੇ ਭਲੇ ਪੁਰਸ਼ ਹੋਏ ਤਾਂ ਸੰਵਿਧਾਨ ਜੇ ਮਾੜਾ ਵੀ ਹੋਵੇ ਤਾਂ ਇਹੀ ਸੰਵਿਧਾਨ ਚੰਗਾਂ ਸਿੱਧ ਹੋਵੇਗਾ। ਜੇ ਕੱਲ੍ਹ ਨੂੰ ਹਾਲਾਤ ਵਿਗੜੇ ਤਾਂ ਇਹ ਨਹੀਂ ਕਹਿਣਾ ਹੋਵੇਗਾ ਕਿ ਸੰਵਿਧਾਨ ਮਾੜਾ ਹੈ ਬਲਕਿ ਕਹਿਣਾ ਹੋਵੇਗਾ ਕਿ ਲਾਗੂ ਕਰਨ ਵਾਲੇ ਨਿਕੰਮੇ ਨਿਕਲੇ।''

ਡਾਕਟਰ ਅੰਬੇਡਕਰ ਲੋਕਤੰਤਰ ਦੇ ਪੱਕੇ ਧਾਰਨੀ ਸਨ। ਤਾਨਾਸ਼ਾਹੀ ਭਾਵੇਂ ਉਹ ਹਿਟਲਰ, ਮੁਸੌਲਿਨੀ ਜਾਂ ਗਾਂਧੀਵਾਦ ਦੇ ਕਿਸਮ ਦੀ ਹੋਵੇ, ਉਸ ਦੇ ਉਹ ਸਖਤ ਵਿਰੋਧੀ ਸਨ। ਕਿਉਂਕਿ ਭਾਰਤੀ ਰਾਜਨੀਤੀ 'ਚ ਲੋਕਤੰਤਰ ਦੇ ਨਾਂ 'ਤੇ ਲੋਕਾਂ ਉਤੇ ਥੋਪੀ ਜਾ ਰਹੀ ਤਾਨਾਸ਼ਾਹੀ ਤੋਂ ਉਹ ਬਹੁਤ ਦੁੱਖੀ ਸਨ। ਉਹਨਾਂ ਕਿਹਾ, "ਲੋਕਤੰਤਰ ਦੀ ਸਫਲਤਾ ਲਈ ਇਹ ਇਹ ਗੱਲਾਂ ਜ਼ਰੂਰੀ ਹਨ-

1. ਸਮਾਜ ਵਿੱਚ ਨਾ-ਬਰਾਬਰੀ ਦਾ ਪਾੜਾ ਨਹੀਂ ਹੋਣਾ ਚਾਹੀਦਾ। 2. ਸ਼ਕਤੀਸ਼ਾਲੀ ਵਿਰੋਧੀ ਪਾਰਟੀ ਦਾ ਹੋਣਾ ਜਰੂਰੀ ਹੈ। 3. ਰਾਜ ਪ੍ਰਬੰਧ ਤੇ ਕਾਨੂੰਨ ਸਾਹਮਣੇ ਸਭ ਨਾਲ ਸਮਾਨ ਵਿਵਹਾਰ ਹੋਵੇ। 4. ਸੰਵਿਧਾਨਕ ਸਦਾਚਾਰ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। 5. ਸਮਾਜ 'ਚ ਸਦਾਚਾਰੀ ਨਿਯਮ ਪਰਫੁੱਲਤ ਕੀਤੇ ਜਾਣੇ ਚਾਹੀਦੇ ਹਨ। 6. ਜਨਤਾ ਦਾ ਹਰ ਸਮੇਂ ਸੁਚੇਤ ਹੋਣਾ ਜਰੂਰੀ ਹੈ। 7. ਲੋਕਤੰਤਰ ਨੂੰ ਰੂੜੀਵਾਦੀ ਹੱਥਾਂ ਵਿੱਚੋਂ ਬਚਾਉਣਾ ਹੋਵੇਗਾ।''

ਡਾਕਟਰ ਅੰਬੇਡਕਰ ਨੇ ਭਾਰਤ ਵਿੱਚ ਲੋਕਤੰਤਰੀ ਤਾਕਤਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਰਾਜਨੀਤੀ ਅਤੇ ਧਰਮ ਸਥਾਨਾਂ ਵਿੱਚ ਪ੍ਰਵੇਸ਼ ਕਰਨ ਵਾਲੇ ਆਗੂਆਂ ਨੂੰ ਸਿੱਖਿਆ ਦੇਣ ਲਈ ਯੂਨੀਵਰਸਿਟੀਆਂ ਵਿੱਚ ਟਰੇਨਿੰਗ ਸਕੂਲ ਖੋਲ੍ਹਣ ਦਾ ਸੁਝਾਅ ਹੀ ਨਹੀਂ ਦਿੱਤਾ, ਬਲਕਿ ਉਹਨਾਂ ਆਪਣੀ ਪਾਰਟੀ ਦੇ ਆਗੂਆਂ ਲਈ 22 ਦਸੰਬਰ 1952 ਨੂੰ ਖ਼ੁਦ ਸਿਧਾਰਥ ਕਾਲਜ ਬੰਬਈ ਵਿੱਚ 'ਟਰੇਨਿੰਗ ਸਕੂਲ' ਖੋਲ੍ਹਿਆ।

ਡਾਕਟਰ ਅੰਬੇਡਕਰ ਨੇ 'ਵੁਆਇਸ ਆਫ ਅਮਰੀਕਾ' ਤੋਂ ਭਾਰਤ ਵਿੱਚ ਲੋਕਤੰਤਰ ਦੇ ਭਵਿੱਖ ਬਾਰੇ ਚਰਚਾ ਕਰਦਿਆਂ ਕਿਹਾ ਸੀ ਕਿ ਭਾਰਤੀ ਲੋਕਤੰਤਰ ਦੀ ਸਫ਼ਲਤਾ ਵਿੱਚ ਜਾਤ ਪਾਤ ਵੱਡੀ ਸਮੱਸਿਆ ਹੈ। ਕਿਉਂਕਿ ਭਾਰਤੀ ਸਮਾਜ ਜਾਤ-ਪਾਤ ਉਤੇ ਅਧਾਰਿਤ ਹੈ।

ਚੋਣਾਂ ਵਿੱਚ ਉਮੀਦਵਾਰ ਜਾਤ ਨੂੰ ਮੁੱਖ ਰੱਖ ਕੇ ਖੜ੍ਹੇ ਕੀਤੇ ਜਾਂਦੇ ਹਨ। ਉੱਚੇ ਪਦ ਵੱਡੇ ਉਦਯੋਗ ਪਤੀਆਂ ਦੇ ਰਿਸ਼ਤੇਦਾਰਾਂ ਜਾਂ ਜਾਤ ਬਰਾਦਰੀ ਦੇ ਲੋਕਾਂ ਨੂੰ ਹੀ ਦਿੱਤੇ ਜਾਂਦੇ ਹਨ। ਜਦਕਿ ਲੋਕਤੰਤਰ ਰਲ ਮਿਲ ਕੇ ਰਹਿਣ ਦਾ ਇੱਕ ਢੰਗ ਹੈ।'

ਉਹਨਾਂ ਕਿਹਾ, "ਇਹ ਜ਼ਰੂਰੀ ਹੈ ਕਿ ਆਮ ਲੋਕ ਚੌਕੰਨੇ ਤੇ ਫਰਜ਼ ਨਿਭਾਉਣ ਵਾਲੇ ਅਤੇ ਦੇਸ਼ ਦੇ ਹਿੱਤ ਨੂੰ ਸਭ ਤੋਂ ਉਪਰ ਮੰਨਣ ਵਾਲੇ ਹੋਣ। ਜੇ ਉਹ ਅਜਿਹੇ ਹੋਣਗੇ ਤਾਂ ਸਿਆਸੀ ਪਾਰਟੀਆਂ ਤਾਨਾਸ਼ਾਹ ਨਹੀਂ ਬਣ ਸਕਣਗੀਆਂ, ਉਹ ਸੰਵਿਧਾਨ ਦੇ ਰਾਹ ਤੋਂ ਨਹੀਂ ਭਟਕ ਸਕਣਗੀਆਂ। ਆਮ ਲੋਕ ਜੇ ਉਦਾਸੀਨ ਰਹੇ, ਜਾਂ ਫਿਰ ਸਵਾਰਥਾਂ 'ਚ ਬਹਿ ਗਏ ਅਤੇ ਫਰਜ਼ ਨਿਭਾਉਣ ਅਸਫਲ ਰਹੇ ਤਾਂ ਫਿਰ ਭਾਰਤੀ ਲੋਕਤੰਤਰ ਅਪਾਹਜ ਬਣ ਕੇ ਰਹਿ ਜਾਵੇਗਾ।''

ਭਾਰਤ ਵਿਚ ਡਾਕਟਰ ਅੰਬੇਡਕਰ ਦੀ ਲੋਕਤੰਤਰਿਕ ਸੰਵਿਧਾਨਕ ਸਿਰਜਨਾ ਤੋਂ ਪ੍ਰਭਾਵਤ ਹੋ ਕੇ ਅਮਰੀਕਾ ਦੀ ਨਿਊਯਾਰਕ ਸਥਿਤ ਕੋਲੰਬੀਆ ਯੂਨੀਵਰਸਿਟੀ ਨੇ 5 ਜੂਨ 1952 ਵਿਚ ਉਹਨਾਂ ਨੂੰ 'ਡਾਕਟਰ ਆਫ ਲਾਅ' (ਐਲ.ਐਲ.ਡੀ.) ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਤ ਕੀਤਾ।

ਡਾ. ਅੰਬੇਡਕਰ ਦਾ ਗੁਲਾਮ ਦਲਿਤ ਸ਼ੋਸ਼ਿਤ ਮਜ਼ਦੂਰ ਪੈਦਾ ਹੋ ਕੇ ਵੱਡਿਆਂ ਤੋਂ ਉਪਰ ਉਠਣਾ ਹੀ ਉਹਨਾਂ ਨੂੰ ਸੰਸਾਰ ਭਰ 'ਚ 'ਦੀ ਗਰੇਟ ਇੰਡੀਅਨ' ਹੋਣ ਦਾ ਮਾਣ ਅਤੇ ਸਨਮਾਨ ਦਿਵਾਉਂਦਾ ਹੈ। ਬੰਬਈ ਦੇ ਉਘੇ ਅਖ਼ਬਾਰ 'ਦੀ ਟਾਈਮਜ਼ ਔਫ਼ ਇੰਡੀਆ' ਨੇ ਉਹਨਾਂ ਦੇ ਪ੍ਰੀਨਿਰਵਾਣ ਮੌਕੇ ਸ਼ਰਧਾਂਜਲੀ ਭੇਟ ਕਰਦਿਆ ਆਪਣੇ 9 ਦਸੰਬਰ 1956 ਦੇ ਅੰਕ ਵਿਚ ਲਿੱਖਿਆ, "ਡਾ. ਅੰਬੇਡਕਰ ਇੱਕ ਯੋਧਾ ਸਨ, ਉਹਨਾਂ 'ਚ ਅਥਾਹ ਹੌਂਸਲਾ ਸੀ। ਜਦੋਂ ਹੋਰ ਵੱਡੇ ਵੱਡੇ ਉਹਨਾਂ ਦੇ ਸਮਕਾਲੀਆਂ ਨੂੰ ਲੋਕੀਂ ਭੁੱਲ ਜਾਣਗੇ, ਡਾ. ਅੰਬੇਡਕਰ ਨੂੰ ਤਦ ਵੀ ਯਾਦ ਰੱਖਿਆ ਜਾਵੇਗਾ।''

# ਰਾਂਗਲੇ ਦਿਨ ਬਚਪਨ ਦੇ ...



ਬਲਵੀਰ ਮੰਨਣ
91-94173-45485

ਕਦੋਂ ਭੁੱਲਦੇ ਨੇ ਬਚਪਨ ਦੇ ਉਹ ਰਾਂਗਲੇ ਦਿਨ। ਜਦੋਂ ਕੱਕਿਆਂ ਰੇਤਿਆਂ 'ਤੇ ਖੇਡਦੇ-ਮੱਲ੍ਹਦੇ ਹੁੰਦੇ ਸਾਂ। ਦੋ ਟੋਲੀਆਂ ਬਣਾ ਕੇ। ਇੱਕ ਦੂਜੇ ਦੇ ਵਿਰੋਧ ਮਿੱਟੀ ਦੇ ਡ਼ਲੇ ਸੁੱਟਣੇ। ਦੂਰ ਖੇਤਾਂ ਵਿੱਚ ਲੱਗੀਆਂ ਬੰਬੀਆਂ (ਮੋਟਰਾਂ) ਦੇ ਦੁਆਲ਼ੇ ਲੱਗੇ ਅਮਰੂਦਾਂ, ਅੰਬਾਂ ਤੇ ਜਾਮਣਾਂ ਦੇ ਰੁੱਖਾਂ ਤੋਂ ਕੱਚੇ-ਪੱਕੇ ਫ਼ਲ ਤੋੜਨੇ, ਖਾਣੇ। ਗੋਲ੍ਹਾਂ ਲਾਹੁਣੀਆਂ। ਤੋਤਿਆਂ ਦੇ ਟੁੱਕੇ ਅਮਰੂਦਾਂ ਤੇ ਅੰਬਾਂ ਨੂੰ ਮਿੱਠੇ ਜਾਣ ਕੇ ਚਾਅ ਨਾ਼ਲ ਖਾਣਾ। ਵਿਹਲੇ ਘੁੰਮਣਾ। ਪੜ੍ਹਨ ਲਈ ਵੀ ਬੜਾ ਸਮਾਂ ਹੁੰਦਾ ਸੀ ਤੇ ਖੇਡਣ ਲਈ ਖੁੱਲ੍ਹਾ। ਕਈ ਖੇਡਾਂ। ਨਵੀਆਂ ਪੁਰਾਣੀਆਂ। ਕਈ ਆਪ ਬਣਾ ਲੈਣੀਆਂ।

ਪਿੰਡ ਵਿੱਚ ਇੱਕ-ਦੂਜੇ ਦੇ ਮਗਰ ਭੱਜੇ ਫਿਰਨਾ। ਆਖਦੇ ਹੋਏ, ਉਓਇ ਮੇਸ਼ੂ ਦੇ ਮੁੰਡੇ ਦੇ ਗ਼ਲੀ ਹੋ ਗਈ।'' ਗ਼ਲੀ ਮਤਲਬ ਸਿਰ ਵਿੱਚ ਸੱਟ ਲੱਗ ਕੇ ਲਹੂ ਨਿਕਲਣਾ। ਤੇ ਮੇਸ਼ੂ, ਮੇਰੇ ਆੜੀ ਦਾ ਨਾਂਅ। ਮੇਸ਼ੂ ਤਾਂ ਓਦੋਂ ਅਜੇ ਆਪ ਨਿਆਣਾ ਸੀ। ਪਰ ਇਹ ਤਾਂ ਬਚਪਨ ਦੇ ਰਾਂਗਲੇ ਦਿਨ ਸਨ। ਵੱਡੇ ਅਹਿਸਾਸਾਂ ਵਾ਼ਲੇ। ਵੱਡੇ ਜੀਵਨ ਵਾ਼ਲੇ।

ਕਦੇ ਜੁੰਡਲੀ ਬਣਾ ਕੇ ਮੀਂਹ ਦੇ ਪਾਣੀ ਨਾ਼ਲ ਭਰੇ ਟੋਭਿਆਂ ਵਿੱਚ ਨ੍ਹਾਉਣ ਜਾਣਾ। ਮੀਂਹ ਦਾ ਪਾਣੀ, ਏਧਰੋਂ-ਓਧਰੋਂ ਆ ਕੇ ਡੂੰਘੇ ਪਏ ਖ਼ਾਲੀ ਥਾਂ ਵਿੱਚ ਭਰਿਆ ਹੋਇਆ ਹੋਣਾ। ਲਾਲ-ਮਟਮੈ਼ਲੇ ਰੰਗ ਦਾ ਪਾਣੀ, ਕੁਝ-ਕੁਝ ਜੰਗਾਲ ਦੇ ਰੰਗ ਜਿਹਾ। ਉੱਪਰੋਂ-ਉੱਪਰੋਂ ਨਿੱਘਾ ਤੇ ਅੰਦਰੋਂ ਠੰਢਾ। ਪਾਣੀ ਦੀ ਸਤ੍ਹਾ 'ਤੇ ਹੁੰਦੇ ਰੋੜ (ਮਿੱਟੀ ਦੇ ਵਿੱਚ ਹੁੰਦੇ ਬਾਰੀਕ ਪੱਕੇ ਪੱਥਰਾਂ ਦੇ ਤਿੱਖੇ-ਚੁੱਭਵੇਂ ਕੰਕਰ) ਪੈਰਾਂ ਵਿੱਚ ਚੁੱਭਣੇ ਤੇ ਅਕਸਰ ਫਿਰ ਜਾਣੇ ਪੈਰਾਂ ਦੇ ਥੱਲੇ। ਲਹੂ ਵਗਣ ਲੱਗਣਾ। ਪੈਰੋਂ ਨੰਗੇ ਹੀ ਹੁੰਦੇ ਸਨ ਸਾਰੇ ਮਤਾ ਨ੍ਹਾਉਂਦਿਆਂ ਦੀਆਂ ਚਪਲਾਂ ਟੋਭੇ ਦੀ ਗਾਰ (ਸਤ੍ਹਾ ਦੇ ਚਿੱਕੜ) ਵਿੱਚ ਫਸ ਜਾਣ। ਪਰਵਾਹ ਨਾ ਕਰਨੀ ਪੈਰਾਂ ਦੇ ਚੀਰਾਂ ਦੀ, ਨ੍ਹਾਉਣ ਵਿੱਚ ਮਜ਼ਾ ਈ ਏਨਾ ਸੀ। ਮਟਮੈ਼ਲੇ ਪਾਣੀ ਨਾ਼ਲ ਫਿਰ ਪਿੰਡਿਆਂ ਦਾ ਰੰਗ ਹੋਰ ਈ ਹੋ ਜਾਣਾ। ਫਿਰ ਨ਼ਲਕੇ ਥੱਲੇ ਨ੍ਹਾਉਣਾ ਕਿ ਘਰਦਿਆਂ ਨੂੰ ਪਤਾ ਨਾ ਲੱਗ ਜਾਏ। ਕਈ ਵਾਰ ਪਤਾ ਲੱਗ ਵੀ ਜਾਣਾ, ਪਰੇਡ ਹੁੰਦੀ। ਏਸੇ ਤਰ੍ਹਾਂ ਦੀ ਹੁੰਦੀ ਜਦੋਂ ਗਰਮੀਆਂ ਦੀ ਰੁੱਤੇ ਨਹਿਰ ਵਿੱਚ ਨ੍ਹਾ ਕੇ ਮੁੜਦੇ।

ਕਦੇ ਵਗੇ ਹੋਏ (ਵਾਹੇ ਹੋਏ) ਖੇਤਾਂ ਵਿੱਚ ਦੂਹਰੇ ਹੋ ਕੇ ਵਾਰੀ-ਵਾਰੀ ਦੋਵੇਂ ਹੱਥਾਂ ਨਾ਼ਲ ਮੂਹਰਿਓਂ ਪਿੱਛੇ ਨੂੰ ਮਿੱਟੀਆਂ ਉਡਾਉਣੀਆਂ। ਇਸ ਤਰ੍ਹਾਂ ਉਡੇ-ਪੁਡੇ ਘੱਟੇ ਵਿੱਚ ਖੇਡਣਾ, ਨੱਠੇ ਫਿਰਨਾ। ਕਦੇ ਪੱਕੇ ਬਕਸੀਮ ਦੇ ਖੇਤਾਂ ਵਿੱਚ ਲਿਟ ਕੇ, ਇੱਕ-ਦੂਜੇ ਨੂੰ ਛੂਹ ਕੇ, ਜਾਣ-ਜਾਣ ਡਿਗ ਕੇ, ਨਰਮ-ਨਰਮ ਗੱਦੇ ਜਿਹਾ ਆਨੰਦ ਮਾਣਨਾ।

ਸਬਜ਼ੀ ਬਣਾਉਣ ਤੋਂ ਪਹਿਲਾਂ ਚੀਰਨ ਵੇ਼ਲੇ ਬੱਡ (ਘੀਆ) ਦੀਆਂ ਲਾਹੀਆਂ ਹੋਈਆਂ ਡੰਡੀਆਂ ਨੂੰ ਓਟੇ (ਕੱਚੀ ਕੰਧ) ਵਿੱਚ ਫਸਾ ਕੇ, ਲਾਟੂ ਸਮਝ ਕੇ ਖੇਡਣਾ। ਪਿੱਠੂ ਗਾਰੇ, ਗੈਲਰੀਆਂ, ਕਬੱਡੀਆਂ ਖੇਡਣੀਆਂ। ਖਿੱਦੋ-ਖੂੰਡੀ ਖੇਡਣਾ। ਇੱਕ-ਦੂਜੇ ਨਾ਼ਲ ਰੂਹਾਂ ਤੀਕ ਪਿਆਰ ਹੋਣਾ। ਇੱਕ-ਦੂਜੇ ਦੇ ਘਰ ਨੂੰ ਆਪਣਾ ਜਾਨਣਾ। ਜੀਵਨ ਵਿੱਚ ਅਧਿਆਪਕਾਂ ਦਾ ਬੜਾ ਉੱਚਾ ਰੁਤਬਾ ਹੋਣਾ।

ਬਾਤਾਂ ਪਾਉਣੀਆਂ। ਬਾਤਾਂ ਬੁੱਝਣੀਆਂ। ਬਾਤਾਂ ਸੁਣਨੀਆਂ। ਗਰਮੀ ਰੁੱਤੇ ਕੋਠਿਆਂ 'ਤੇ ਸੌਣਾ। ਰਾਤ ਨੂੰ ਅਕਸਰ ਠੰਢੀ-ਠੰਢੀ 'ਵਾ ਰੁਮਕਣੀ। ਨ੍ਹੇਰੀ ਵਗਿਆਂ ਉੱਤੇ ਲਏ ਕੱਪੜਿਆਂ ਨੂੰ ਘੁੱਟ-ਘੁੱਟ ਪੈਣਾ। ਛਿੱਟਾਂ ਆ ਜਾਣ 'ਤੇ ਮੰਜੇ ਥੱਲੇ ਲਾਹੁਣੇ। ਥੱਲੇ ਲਾਹੇ ਮੰਜਿਆਂ ਤੇ ਬਿਸਤਰਿਆਂ 'ਚੋਂ ਮੀਂਹ ਦੀ ਗਿੱਲੀ-ਗਿੱਲੀ ਖ਼ੁਸ਼ਬੋਅ ਆਉਣੀ। ਉਨ੍ਹਾਂ ਬਿਸਤਰਿਆਂ 'ਤੇ ਹੀ ਫੇਰ ਪੈ ਜਾਣਾ। ਸਾਦਾ ਖਾਣ ਨੂੰ ਮਿਲਣਾ, ਸਾਦਾ ਪਹਿਨਣ ਨੂੰ।

ਹੱਥਾਂ ਵਿੱਚੋਂ ਛੁੱਟ ਕੇ ਪਤਾ ਨਹੀਂ ਕਿਹੜੇ ਵੇ਼ਲੇ, ਕਿੱਥੇ ਜਾ ਪਏ ਉਹ ਦਿਨ! ਮਨ ਲੋਚਦੈ, ਮੁੜ ਜੰਮੀਏਂ ਪਰ ਅੱਜ ਦੇ ਹਾਈਟੈੱਕ ਦੌਰ 'ਚ ਨਹੀਂ, ਉਸੇ ਯੁਗ 'ਚ, ਜਿਸ ਨੂੰ ਭਰ ਜੀਵਿਆ ਸੀ!

## ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ ਅਗਸਤ 'ਚ



**ਨਵੀਂ ਦਿੱਲੀ-** ਸੁਪਰੀਮ ਕੋਰਟ ਨੇ ਕਿਹਾ ਕਿ ਉਹ ਸਾਬਕਾ ਕਾਂਗਰਸ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ 'ਤੇ ਅਗਸਤ ਦੇ ਪਹਿਲੇ ਹਫ਼ਤੇ ਸੁਣਵਾਈ ਕਰੇਗਾ। ਸੀਬੀਆਈ ਵੱਲੋਂ ਪੇਸ਼ ਹੋਏ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਜਸਟਿਸ ਐਸਏ ਬੋਬੜੇ ਤੇ ਐਸਏ ਨਜ਼ੀਰ ਦੇ ਬੈਂਚ ਨੂੰ ਦੱਸਿਆ ਕਿ ਸੱਜਣ ਕੁਮਾਰ ਪਟਿਆਲਾ ਹਾਊਸ ਜ਼ਿਲ੍ਹਾ ਅਦਾਲਤ 'ਚ 1984 ਸਿੱਖ ਕਤਲੇਆਮ ਨਾਲ ਸਬੰਧਤ ਇੱਕ ਹੋਰ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ।

# ਦਲਿਤਾਂ ਦੇ ਪਹਿਲੇ ਪ੍ਰੋਫੈਸਰ, ਵਿਦਵਾਨ, ਚਿੰਤਕ, ਲੇਖਕ, ਪੱਤਰਕਾਰ, ਸਮਾਜ ਸੁਧਾਰਕ ਅਤੇ ਸਿੱਖ ਧਰਮ ਦੇ ਗਾਡੀ- ਗਿਆਨੀ ਦਿੱਤ ਸਿੰਘ

ਅੱਜ ਦਾ ਦਲਿਤ ਸਮਾਜ, ਸਦੀਆਂ ਦੀ ਉਸ ਜਾਤਪਾਤੀ ਵਿਵਸਥਾ ਦੀ ਉਪਜ ਹੈ, ਜਿਸਨੇ ਉਸਦੇ ਸਾਰੇ ਮਨੁੱਖੀ ਅਧਿਕਾਰ ਖੋਹ ਕੇ ਉਸਨੂੰ ਪਸ਼ੂਆਂ ਤੋਂ ਵੀ ਬਦੱਤਰ ਬਣਾਈ ਰੱਖਿਆ। ਜਾਇਦਾਦ ਬਣਾਉਣ ਦਾ ਹੱਕ, ਹਥਿਆਰ ਰੱਖਣ ਦਾ ਹੱਕ, ਪੜ੍ਹਨ ਪੜ੍ਹਾਉਣ ਤੇ ਗਿਆਨ ਪ੍ਰਾਪਤ ਕਰਨ ਦਾ ਹੱਕ ਕੁਝ ਵੀ ਤਾਂ ਨਹੀਂ ਸੀ ਰਹਿਣ ਦਿੱਤਾ ਇਸ ਸਮਾਜ ਕੋਲ। ਇਹਨਾਂ ਸਭਨਾਂ 'ਚੋਂ ਵਿਦਿਆ ਪ੍ਰਾਪਤ ਕਰਨ ਦਾ ਹੱਕ ਸਭ ਤੋਂ ਮਹੱਤਵਪੂਰਨ ਸੀ, ਜਿਸ ਤੋਂ ਦਲਿਤ ਸਮਾਜ ਨੂੰ ਵਾਂਝਿਆਂ ਰੱਖ ਕੇ ਪਸ਼ੂਆਂ ਤੋਂ ਬਦੱਤਰ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ ਗਿਆ। ਉਨੀਵੀਂ ਸਦੀ ਦੇ ਅੱਧ ਵਿਚ ਦਲਿਤ ਸਮਾਜ ਦੇ ਇਨਕਲਾਬ ਦੇ ਮੋਢੀ ਅਤੇ ਮਹਾਨ ਯੋਧੇ ਮਹਾਤਮਾ ਜੋਤੀ ਰਾਓ ਫੂਲੇ ਨੇ ਦਲਿਤ ਸਮਾਜ ਦੀ ਇਸ ਭਿਆਨਕ ਵਿਵਸਥਾ ਦਾ ਕਾਰਨ ਵਿੱਦਿਆ ਦੀ ਅਣਹੋਂਦ ਦੱਸਿਆ।ਉਹ ਆਪਣੀ ਪ੍ਰਸਿੱਧ ਕਿਤਾਬ 'ਗੁਲਾਮਗਿਰੀ' ਵਿਚ ਲਿਖਦੇ ਹਨ:

"ਵਿਦਿਆ ਬਿਨਾਂ ਬੁੱਧੀ ਗਈ, ਬੁੱਧੀ ਬਿਨਾਂ ਨੀਤੀ ਗਈ, ਨੀਤੀ ਬਿਨਾਂ ਗਤੀ ਗਈ, ਗਤੀ ਬਿਨਾਂ ਦੌਲਤ ਗਈ, ਦੌਲਤ ਬਿਨਾਂ ਸ਼ੂਦਰ ਗਏ ਜਿਹਨਾਂ ਦੀ ਤਬਾਹੀ ਅਤੇ ਦੁੱਖਾਂ ਦਾ ਕਾਰਨ ਅਨਪੜ੍ਹਤਾ ਸੀ। ਇੰਨੇ ਅਨਰਥ ਵਿਦਿਆ ਦੀ ਅਣਹੋਂਦ ਕਾਰਨ ਹੋਏ।"

ਮਹਾਤਮਾ ਫੂਲੇ ਨੇ ਦਲਿਤਾਂ ਦੀ ਅਧੋਗਤੀ ਦਾ ਕਾਰਨ ਸਮਝਦਿਆਂ ਦਲਿਤ ਸਮਾਜ ਲਈ ਵਿੱਦਿਆ ਦੇ ਪ੍ਰਸਾਰ ਲਈ ਝੰਡਾ ਚੁੱਕਿਆ। ਆਪਣੀ ਪਤਨੀ ਸਵਿਤਰੀ ਬਾਈ ਫੂਲੇ ਨੂੰ ਪੜ੍ਹਾ ਕੇ ਉਸਨੂੰ ਦਲਿਤ ਲੜਕੀਆਂ ਨੂੰ ਪੜ੍ਹਾਉਣ ਦੇ ਕੰਮ ਲਈ ਤਿਆਰ ਕਰ ਲਿਆ ਅਤੇ ਲੱਖ ਔਕੜਾਂ ਜੋ ਵਿਰੋਧੀਆਂ ਵੱਲੋਂ ਪੈਦਾ ਕੀਤੀਆਂ ਗਈਆਂ ਸਨ, ਦੇ ਬਾਵਜੂਦ ਵੀ ਦਲਿਤਾਂ ਲਈ ਵਿੱਦਿਆ ਦਾ ਰਾਹ ਖੋਲ੍ਹ ਦਿੱਤਾ। ਸਵਿਤਰੀ ਬਾਈ ਫੂਲੇ ਇਸ ਤਰ੍ਹਾਂ ਭਾਰਤ ਦੀ ਪਹਿਲੀ ਇਸਤਰੀ ਅਧਿਆਪਕ ਬਣੀ ਪਰ ਇਤਿਹਾਸ ਨੇ ਇਹਨਾਂ ਦਾ ਨਾਂ ਹੀ ਮਿਟਾ ਦਿੱਤਾ।

ਮਹਾਤਮਾ ਫੂਲੇ ਦੇ ਹੀ ਸਮਕਾਲੀ ਗਿਆਨੀ ਦਿੱਤ ਸਿੰਘ ਸਨ ਜਿਹਨਾਂ ਨੇ ਦਲਿਤਾਂ ਲਈ ਵਰਜਿਤ ਖੇਤਰ ਵਿੱਦਿਆ ਦੇ ਪਿੜ ਵਿਚ ਮੱਲਾਂ ਮਾਰੀਆਂ ਅਤੇ ਦਲਿਤ ਸਮਾਜ ਦੇ ਉਹ ਪਹਿਲੇ ਪ੍ਰੋਫੈਸਰ ਬਣੇ। ਗਿਆਨੀ ਦਿੱਤ ਸਿੰਘ ਨੇ ਪੜ੍ਹਾਉਣ ਦੇ ਨਾਲ ਨਾਲ ਸਮਾਜ ਵਿਚੋਂ ਬੁਰਾਈਆਂ, ਪਾਖੰਡ, ਫਜ਼ੂਲ ਦੇ ਕਰਮਕਾਂਡਾਂ ਵਿਰੁੱਧ ਇਕ ਜ਼ਬਰਦਸਤ ਲਹਿਰ ਵਿੱਢੀ। ਡਾ. ਅੰਬੇਡਕਰ ਅਨੁਸਾਰ ਅਜਿਹੇ ਵਿਅਕਤੀ ਹੀ ਬੁੱਧੀਜੀਵੀ ਅਖਵਾ ਸਕਦੇ ਹਨ ਜੋ ਸਮਾਜ ਵਿਚੋਂ ਬੁਰਾਈਆਂ ਨੂੰ ਹੂੰਝ ਸੁੱਟਣ ਲਈ ਇਕ ਝਾੜੂ ਬਰਦਾਰ ਵਾਂਗ ਕੰਮ ਕਰਦੇ ਹਨ।


ਗਿਆਨੀ ਜੀ ਦਾ ਕਰਮ ਖੇਤਰ ਉਸ ਵੇਲੇ ਦਾ ਮਹਾਂ ਪੰਜਾਬ ਰਿਹਾ ਹੈ, ਜਿਸ ਵਿਚ ਸਿੱਖ ਧਰਮ ਦਾ ਵੀ ਬੋਲਬਾਲਾ ਸੀ ਅਤੇ ਮੁਸਲਮਾਨ ਵੀ ਵੱਡੀ ਗਿਣਤੀ ਵਿਚ ਸਨ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਆਰੀਆ ਸਮਾਜ ਲਹਿਰ ਦਾ ਵੀ ਆਗਾਜ਼ ਹੋ ਚੁੱਕਿਆ ਸੀ। ਗਿਆਨੀ ਜੀ ਨੇ ਸਮਾਜ ਸੁਧਾਰ ਲਈ ਪਹਿਲਾਂ ਆਰੀਆ ਸਮਾਜ ਨੂੰ ਚੁਣਿਆ ਪਰ ਅਖੀਰ ਸਿੱਖੀ ਦੇ ਮਾਧਿਅਮ ਨੂੰ ਚੁਣਿਆ।

ਗਿਆਨੀ ਜੀ ਨੇ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਵੇਲੇ ਵੀ ਸਮਾਜਿਕ ਸਥਿਤੀ ਬਹੁਤ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ ਤੇ ਅੱਜ ਵੀ ਉਹੀ ਹਾਲਾਤ ਪੈਦਾ ਹੋ ਗਏ ਹਨ। ਉਸ ਵੇਲੇ ਵੀ ਸਮਾਜ ਛੋਟੇ-ਵੱਡੇ, ਊਚ-ਨੀਚ ਤੇ ਜਾਤ-ਪਾਤੀ ਵਿਤਕਰਿਆਂ ਨਾਲ ਭਰਪੂਰ ਸੀ। ਬ੍ਰਾਹਮਣ ਸ਼੍ਰੇਣੀ ਵੱਲੋਂ ਆਪਣੇ ਤਰ੍ਹਾਂ-ਤਰ੍ਹਾਂ ਦੇ ਕਰਮਕਾਂਡੀ ਜਾਲ ਵਿਛਾ ਕੇ ਲੋਕਾਈ ਨੂੰ ਬੁਰੀ ਤਰ੍ਹਾਂ ਲੁੱਟਿਆ-ਖਸੁੱਟਿਆ ਜਾ ਰਿਹਾ ਸੀ, ਜਿਸ ਵਿਚ ਸ਼ੂਦਰਾਂ ਦੀ ਅਤਿ ਭਿਆਨਕ ਹਾਲਾਤ ਵਿਸਫੋਟਕ ਸਥਿਤੀ ਵਿਚ ਪਹੁੰਚ ਚੁੱਕੀ ਸੀ। ਗੁਰੂ ਨਾਨਕ ਨੇ ਇਸ ਸਾਰੀ ਸਥਿਤੀ ਦੇ ਖਿਲਾਫ ਆਪਣੀ ਆਵਾਜ਼ ਹੀ ਬੁਲੰਦ ਨਾ ਕੀਤੀ ਸਗੋਂ ਇਕ ਜ਼ਬਰਦਸਤ ਲਹਿਰ ਵੀ ਪੈਦਾ ਕਰ ਦਿੱਤੀ, ਜੋ ਕਈ ਸੰਤਾਂ, ਮਹਾਤਮਾ, ਭਗਤਾਂ ਤੇ ਗ ੁਰੂਆਂ ਦੀ ਵਿਚਾਰਧਾਰਾ ਸਮਲਿਤ ਕਰਦੀ ਹੋਈ ਗੁਰੂ ਗੋਬਿੰਦ ਸਿੰਘ ਤੱਕ ਇਕ ਜ਼ਬਰਦਸਤ ਇਨਕਲਾਬੀ ਲਹਿਰ ਦਾ ਰੂਪ ਧਾਰਨ ਕਰ ਗਈ। ਪਰ ਬੰਦਾ ਸਿੰਘ ਬਹਾਦਰ ਤੋਂ ਬਾਅਦ ਇਹੀ ਲਹਿਰ ਮੁੜ ਬ੍ਰਾਹਮਣ ਸ਼੍ਰੇਣੀ ਦੀ ਜਕੜ ਵਿਚ ਆਉਂਦੀ ਆਉਂਦੀ ਪੂਰਨ ਬ੍ਰਾਹਮਣਵਾਦੀ ਬਣ ਗਈ ਤੇ ਉਹੀ ਕਰਮਕਾਂਡ ਤੇ ਜਾਤਪਾਤੀ ਅੰਸ਼ ਇਸਦਾ ਮੁੱਖ ਅੰਗ ਬਣ ਗਏ, ਜਿਹਨਾਂ ਦੇ ਖਿਲਾਫ ਇਹ ਲਹਿਰ ਉਠੀ ਸੀ।

ਉਨੀਵੀਂ ਸਦੀ ਦੇ ਅੱਧ ਤੋਂ ਬਾਅਦ ਭਾਈ ਦਿੱਤ ਸਿੰਘ ਅਤੇ ਭਾਈ ਗੁਰਮੁਖ ਸਿੰਘ ਨੇ ਇਹ ਸਭ ਕੁਝ ਗੰਭੀਰਤਾ ਨਾਲ ਸੋਚਿਆ ਅਤੇ ਉਹਨਾਂ ਦੇ ਸੰਘਰਸ਼ ਅਤੇ ਘਾਲਣਾ ਸਦਕਾ ਸਿੱਖ ਲਹਿਰ ਮੁੜ ਲੀਹਾਂ ਤੇ ਆਉਣੀ ਆਰੰਭ ਹੋ ਗਈ। ਗਿਆਨੀ ਦਿੱਤ ਸਿੰਘ ਵਰਣ-ਜਾਤੀ ਵੰਡ ਅਨੁਸਾਰ ਅਛੂਤ ਜਾਤੀ ਨਾਲ ਅਤੇ ਪ੍ਰੋ. ਗੁਰਮੁਖ ਸਿੰਘ ਪਿਛੜੀ ਜਾਤੀ ਨਾਲ ਸਬੰਧਤ ਸਨ। 'ਸਿੰਘ ਸਭਾ ਲਹਿਰ' ਇਹਨਾਂ ਦੀ ਹੀ ਦੇਣ ਸੀ, ਜਿਸ ਸਦਕਾ ਸਿੱਖ ਸਮਾਜ ਵਿਚ ਮੁੜ ਇਨਕਲਾਬ ਦਾ ਮੁੱਢ ਬੱਝਾ।

ਜਦੋਂ ਗਿਆਨੀ ਦਿੱਤ ਸਿੰਘ ਦੇ ਸਮੁੱਚੇ ਜੀਵਨ ਤੇ ਝਾਤ ਮਾਰੀਏ ਤਾਂ ਹੈਰਾਨੀ ਹੁੰਦੀ ਹੈ ਕਿ ਇਕ ਮਨੁੱਖ ਵਿਚ ਇਕੋ ਵੇਲੇ ਇੰਨੇ ਸਾਰੇ ਗੁਣ ਕਿਵੇਂ ਹੋ ਸਕਦੇ ਹਨ? ਭਾਈ ਦਿੱਤ ਸਿੰਘ ਵਿਦਵਾਨ ਵੀ ਸਨ ਤੇ ਵਿਚਾਰਵਾਨ ਵੀ, ਪੱਤਰਕਾਰ ਵੀ ਤੇ ਵਿਆਖਿਆਕਾਰ ਵੀ, ਕਵੀ ਵੀ ਸਨ ਤੇ ਵਾਰਤਾਕਾਰ ਵੀ, ਵਧੀਆ ਬੁਲਾਰੇ ਵੀ ਅਤੇ ਚੋਟੀ ਦੇ ਸਮਾਜ ਸੁਧਾਰਕ ਵੀ। ਖੋਜੀ ਅਤੇ ਤਰਕਸ਼ੀਲ ਵਿਚਾਰਾਂ ਦੀ ਧਾਰਨੀ ਸੀ ਉਹਨਾਂ ਦੀ ਸ਼ਖਸੀਅਤ।

21 ਅਪ੍ਰੈਲ 1852 ਨੂੰ ਪਟਿਆਲਾ ਰਿਆਸਤ ਦੇ ਇਕ ਛੋਟੇ ਜਿਹੇ ਪਿੰਡ ਨੰਦਪੁਰ ਕਲੌੜ (ਹੁਣ ਫਤਿਹਗੜ੍ਹ ਸਾਹਿਬ ਜ਼ਿਲ੍ਹਾ) ਵਿਚ ਪਿਤਾ ਦੀਵਾਨ ਸਿੰਘ ਦੇ ਘਰ ਜਨਮ ਲੈਣ ਵਾਲਾ ਬਾਲਕ ਹੀ ਗਿਆਨੀ ਦਿੱਤ ਸਿੰਘ ਵਰਗੀ ਉਚੀ ਸ਼ਖਸੀਅਤ ਦਾ ਮਾਲਕ ਬਣਿਆ। ਪਿਤਾ ਦੀਵਾਨ ਸਿੰਘ ਕੱਪੜਾ ਬੁਣਨ ਦਾ ਕੰਮ ਕਰਦੇ ਸਨ ਤੇ ਉਹ ਧਾਰਮਿਕ ਬਿਰਤੀਆਂ ਵਾਲੇ ਸੱਚੇ ਸੁੱਚੇ ਮਨੁੱਖ ਸਨ। ਉਹ ਅਕਸਰ ਕਥਾ, ਕੀਰਤਨ ਰਾਹੀਂ ਲੋਕਾਂ ਨੂੰ ਪਾਖੰਡਾਂ ਆਦਿ ਤੋਂ ਦੂਰ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ। ਗਿਆਨੀ ਜੀ ਬਚਪਨ ਤੋਂ ਹੀ ਤੇਜ ਬੁੱਧੀ ਦੇ ਮਾਲਕ ਸਨ ਅਤੇ ਉਹਨਾਂ ਨੇ 8-9 ਸਾਲ ਦੀ ਉਮਰ ਵਿਚ ਹੀ ਇਹੀ ਉਪਦੇਸ਼ ਦੇਣ ਵਾਲਾ ਕੰਮ ਆਪ ਵੀ ਆਰੰਭ ਦਿੱਤਾ। ਵਿਦਿਆ ਪ੍ਰਾਪਤ ਕਰਨ ਦੀ ਪ੍ਰਬੱਲ ਇੱਛਾ ਸੀ। ਉਹਨਾਂ ਦਾ ਜਿਸ ਵੀ ਗੁਣੀ, ਗਿਆਨੀ, ਸਾਧੂ, ਸੰਤ ਨਾਲ ਵਾਹ ਪੈਂਦਾ, ਉਸ ਤੋਂ ਕੁਝ ਨਾ ਕੁਝ ਸਿੱਖਿਆ ਹਾਸਲ ਕਰਦੇ। ਵਿਚਾਰ-ਵਟਾਂਦਰਾ ਕਰਦਿਆਂ ਅੱਛੀ ਮੁਹਾਰਤ ਹਾਸਲ ਕਰ ਲਈ। ਪਿਤਾ ਨੇ ਇਸ ਗੁਣ ਨੂੰ ਭਾਂਪਦਿਆਂ ਉਹਨਾਂ ਨੂੰ ਇਕ ਸੰਤ ਮਹਾਤਮਾ ਗੁਰਬਖਸ਼ ਸਿੰਘ ਕੋਲ ਪਿੰਡ ਤਿਊੜ ਜ਼ਿਲ੍ਹਾ ਅੰਬਾਲਾ (ਹੁਣ ਮੁਹਾਲੀ) ਭੇਜ ਦਿੱਤਾ। ਇੱਥੇ ਰਹਿ ਕੇ ਉਹਨਾਂ ਨੇ ਅੱਖਰੀ ਗਿਆਨ ਵਿਚ ਪ੍ਰਵੀਨਤਾ ਹਾਸਲ ਕੀਤੀ ਅਤੇ ਗੁਰਬਾਣੀ ਦਾ ਦੋ ਸਾਲਾਂ ਵਿਚ ਹੀ ਡੂੰਘਾ ਅਧਿਐਨ ਕਰ ਲਿਆ। ਇੱਥੇ ਹੀ ਸੱਤ ਸਾਲ ਰਹਿ ਕੇ ਉਰਦੂ, ਵਿਆਕਰਣ, ਪਿੰਗਲ ਵੇਦਾਂਤ ਅਤੇ ਰਾਜਨੀਤੀ ਦੇ ਕਈ ਗ੍ਰੰਥਾਂ ਦਾ ਅਧਿਐਨ ਕੀਤਾ। 16-17 ਸਾਲਾਂ ਦੀ ਉਮਰ ਵਿਚ ਹੀ ਇਹਨਾਂ ਦੀ ਵਿਦਵਤਾ ਦੀਆਂ ਧੁੰਮਾਂ ਪੈ ਗਈਆਂ। ਫਿਰ ਪ੍ਰਚਾਰ ਲਈ ਗੁਰਬਦਾਸੀਆਂ ਦੇ ਡੇਰੇ ਲਾਹੌਰ ਚਲੇ ਗਏ। ਉਹਨਾਂ ਦਿਨਾਂ ਵਿਚ ਸਕੂਲ ਤਾਂ ਦਲਿਤਾਂ ਲਈ ਵਰਜਿਤ ਸਨ।



ਇਹ ਉਹ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਪੰਜਾਬ ਤੇ ਕਾਬਜ਼ ਹੋ ਗਏ ਸਨ ਅਤੇ ਇਸਾਈ ਮਤ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਇਸ ਪ੍ਰਚਾਰ ਤੋਂ ਡਰਦਿਆਂ ਹਿੰਦੂਆਂ ਨੇ 'ਆਰੀਆ ਸਮਾਜ' ਲਹਿਰ, ਮੁਸਲਮਾਨਾਂ ਨੇ 'ਅਜਮਲ ਇਸਲਾਮ' ਅਤੇ ਸਿੱਖਾਂ ਨੇ 'ਸਿੰਘ ਸਭਾ ਲਹਿਰ' ਚਲਾ ਕੇ ਆਪਣੇ-ਆਪਣੇ ਧਰਮਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਇਸ ਸਮੇਂ ਬਹੁਤੇ ਸਿੱਖ ਆਰੀਆ ਸਮਾਜ ਲਹਿਰ ਦੀ ਭੇਟ ਹੁੰਦੇ ਜਾ ਰਹੇ ਸਨ। ਖੁਦ ਗਿਆਨੀ ਦਿੱਤ ਸਿੰਘ ਇਸਦੇ ਪ੍ਰਚਾਰਕ ਬਣ ਗਏ ਸਨ।

ਲਾਹੌਰ ਰਹਿੰਦਿਆਂ ਗਿਆਨੀ ਦਿੱਤ ਸਿੰਘ ਦੀ ਮੁਲਾਕਾਤ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸ. ਗੁਰਮੁਖ ਸਿੰਘ ਨਾਲ ਹੋਈ ਜੋ ਕਿ ਸਿੰਘ ਸਭਾ ਦੇ ਮੋਢੀ ਸਨ। ਇਹਨਾਂ ਦੀ ਪ੍ਰੇਰਨਾ ਨਾਲ ਹੀ ਉਨ੍ਹਾਂ ਗਿਆਨੀ ਪਾਸ ਕਰ ਲਈ ਅਤੇ ਓਰੀਐਂਟਲ ਕਾਲਜ ਵਿਚ ਹੀ ਪ੍ਰੋਫੈਸਰ ਲੱਗ ਗਏ ਜੋ ਬੜੇ ਮਾਣ ਵਾਲੀ ਗੱਲ ਸੀ। ਹੁਣ ਉਹ ਪ੍ਰਚਾਰਕ ਤੋਂ ਪ੍ਰੋਫੈਸਰ ਬਣ ਗਏ ਸਨ ਤੇ ਆਰੀਆ ਸਮਾਜ ਲਹਿਰ ਨੂੰ ਵੀ ਚੰਗੀ ਤਰ੍ਹਾਂ ਸਮਝ ਚੁੱਕੇ ਸਨ, ਜਿਸ ਕਰਕੇ ਉਸਨੂੰ ਤਿਲਾਂਜਲੀ ਦੇ ਕੇ ਉਹ ਪੱਕੇ ਪੈਰੀਂ ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰੋ. ਗੁਰਮੁਖ ਸਿੰਘ ਨਾਲ ਮਿਲਕੇ 'ਸਿੰਘ ਸਭਾ ਲਹਿਰ' ਨਾਲ ਜੁੜ ਗਏ। ਅਜਿਹੇ ਜੁੜੇ ਕਿ ਜਿਸ ਆਰੀਆ ਸਮਾਜ ਲਹਿਰ ਦੇ ਉਹ ਪ੍ਰਚਾਰਕ ਰਹੇ ਸਨ, ਉਸੇ ਦੇ ਸੰਸਥਾਪਕ ਸਵਾਮੀ ਦਇਆਨੰਦ ਨਾਲ ਹੱਥਪੰਜਾ ਲੈ ਲਿਆ। ਉਹ ਗਿਆਨ ਦੇ ਸਮੁੰਦਰ ਵਿਚ ਇੰਨੇ ਡੂੰਘੇ ਉਤਰ ਚੁੱਕੇ ਸਨ ਕਿ ਸਵਾਮੀ ਜੀ ਨੂੰ ਉਹਨਾਂ ਨੇ ਆਹਮੋ-ਸਾਹਮਣੇ ਵਿਚਾਰ ਚਰਚਾ ਮੁਕਾਬਲੇ ਵਿਚ ਤਿੰਨ ਵਾਰੀ ਹਰਾਇਆ, ਜਿਸਦਾ ਜ਼ਿਕਰ ਉਹਨਾਂ ਨੇ ਆਪਣੀ ਪੁਸਤਕ 'ਮੇਰਾ ਅਤੇ ਸਾਧੂ ਦਇਆ ਨੰਦ ਜੀ ਦਾ ਸੰਵਾਦ' ਵਿਚ ਕੀਤਾ ਹੈ। ਇਸੇ ਤਰ੍ਹਾਂ ਗੁਲਾਬਦਾਸੀਆਂ ਨੂੰ ਵੀ ਭਾਜੜਾਂ ਦਿੱਤੀਆਂ ਕਿਉਂਕਿ ਉਹ ਵੀ ਸਿੱਖੀ ਦੇ ਪ੍ਰਤੀਕੂਲ ਪ੍ਰਚਾਰ ਕਰਨ ਲੱਗ ਪਏ ਸਨ।

'ਸਤਿਆਰਥ ਪ੍ਰਕਾਸ਼' ਵਿਚ ਸਿੱਖ ਗੁਰੂਆਂ ਦੇ ਵਿਰੁੱਧ ਲਿਖਣ ਕਰਕੇ ਗਿਆਨੀ ਜੀ 'ਸਿੰਘ ਸਭਾ ਲਹਿਰ' ਦੇ ਮਾਧਿਅਮ ਤੋਂ ਆਰੀਆ ਸਮਾਜ ਲਹਿਰ ਦੇ ਖਿਲਾਫ ਖੁੱਲ੍ਹ ਕੇ ਆ ਗਏ ਸਨ ਅਤੇ ਉਹਨਾਂ ਦੀ ਹਰ ਵਿਰੋਧੀ ਚਾਲ ਦਾ ਤਰਕਪੂਰਨ ਠੋਕਵਾਂ ਉਤਰ ਦਿੰਦੇ। 'ਸਿੰਘ ਸਭਾ ਲਹਿਰ' ਦੀ ਸਥਾਪਨਾ ਸਿੱਖ ਧਰਮ ਵਿਚੋਂ ਜਾਤਪਾਤ, ਵਹਿਮਾਂ, ਭਰਮਾਂ, ਅੰਧ ਵਿਸ਼ਵਾਸਾਂ ਦੇ ਖਾਤਮੇ ਲਈ ਕੀਤੀ ਗਈ ਸੀ, ਤਾਂ ਜੋ ਇਹ ਦਿਨ-ਬ-ਦਿਨ ਛਾ ਰਹੇ ਇਸਾਈ ਅਤੇ ਆਰੀਆ ਸਮਾਜ ਦਾ ਮੁਕਾਬਲਾ ਪੂਰੀ ਸ਼ਕਤੀ ਨਾਲ ਕਰ ਸਕੇ। ਪਰ ਇਹ ਜਲਦੀ ਹੀ ਆਪ ਹੀ ਜਾਤਪਾਤ ਦਾ ਸ਼ਿਕਾਰ ਹੋ ਗਈ ਤੇ ਦੋ-ਹਿੱਸਿਆਂ ਵਿਚ ਵੰਡੀ ਗਈ। ਬਾਬਾ ਖੇਮ ਸਿੰਘ ਬੇਦੀ ਆਪਣੇ ਆਪ ਨੂੰ ਗੁਰੂਆਂ ਦੇ ਖਾਨਦਾਨ ਵਿਚੋਂ ਉੱਚੇ ਕਹਾ ਕੇ ਗਿਆਨੀ ਦਿੱਤ ਸਿੰਘ ਨੂੰ ਅਛੂਤ ਅਤੇ ਪ੍ਰੋ. ਗੁਰਨਾਮ ਸਿੰਘ ਨੂੰ ਲਾਂਗਰੀ ਕਹਿ ਕੇ ਨੀਚ ਸੱਦੇ ਸਨ। ਬਾਬਾ ਖੇਮ ਸਿੰਘ ਦਾ ਮੁੱਖ ਦਫ਼ਤਰ ਅੰਮ੍ਰਿਤਸਰ ਅਤੇ ਦੂਜਿਆਂ ਦਾ ਲਾਹੌਰ ਬਣ ਗਿਆ। ਅੰਮ੍ਰਿਤਸਰ ਵਾਲੇ ਅਮੀਰ ਅਤੇ ਸਾਧਨ ਸੰਪੰਨ ਹੁੰਦਿਆਂ ਵੀ ਲਾਹੌਰ ਵਾਲੇ ਗਰੀਬ ਅਤੇ ਨੀਚ ਗਰਦਾਨਿਆਂ ਦੇ ਅੱਗੇ ਟਿਕ ਨਾ ਸਕੇ।

ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਸਿੱਖੀ ਵਿਚ ਬੇਦੀਆਂ, ਸੋਢੀਆਂ ਅਤੇ ਭੱਲਿਆਂ ਵੱਲੋਂ ਗੱਦੀਆਂ ਸਜਾਉਣ ਦੀ ਪ੍ਰਥਾ ਦੇ ਵਿਰੁੱਧ ਸਨ। ਇਸਦੇ ਵਿਰੋਧ ਵਿਚ ਗਿਆਨੀ ਦਿੱਤ ਸਿੰਘ ਨੇ ਡੱਟ ਕੇ ਲਿਖਿਆ ਅਤੇ ਜਾਤਪਾਤ ਦੇ ਵਿਰੁੱਧ ਅਤੇ ਅਛੂਤ ਉਧਾਰ ਦੇ ਹੱਕ ਵਿਚ ਆਪਣੀ ਕਲਮ ਤੇਗ ਦੀ ਤਰ੍ਹਾਂ ਵਾਹੀ। ਲਾਹੌਰ ਵਾਲੀ ਸਿੰਘ ਸਭਾ ਹੁਣ 'ਖਾਲਸਾ ਦਿਵਾਨ' ਬਣ ਗਈ ਸੀ। ਪ੍ਰਚਾਰ ਹਿੱਤ ਆਪਣਾ 'ਖਾਲਸਾ ਅਖ਼ਬਾਰ' ਛਾਪਣਾ ਸ਼ੁਰੂ ਕਰ ਦਿੱਤਾ ਸੀ। ਇਸਦੇ ਸੰਪਾਦਕ ਤਾਂ ਭਾਵੇਂ ਸ. ਝੰਡਾ ਸਿੰਘ ਸਨ ਪਰ ਬਹੁਤੀ ਸਮੱਗਰੀ ਗਿਆਨੀ: ਦਿੱਤ ਸਿੰਘ ਹੀ ਦਿੰਦੇ ਸਨ। ਗਿਆਨੀ ਜੀ ਦੇ ਲੇਖ ਬੜੀ ਦਿਲਚਸਪੀ ਨਾਲ ਪੜ੍ਹੇ ਜਾਂਦੇ ਸਨ। ਕਿੰਨੇ ਹੀ ਪੈਂਫਲਿਟ, ਇਸ਼ਤਿਹਾਰ, ਪੁਸਤਕਾਂ ਵੀ ਇਸ ਅਖ਼ਬਾਰ ਦੀ ਪ੍ਰੈਸ ਤੋਂ ਛਾਪੀਆਂ ਗਈਆਂ। ਖਫ਼ਾ ਹੋ ਕੇ ਬਾਬਾ ਖੇਮ ਸਿੰਘ ਨੇ ਇਕ ਮੀਟਿੰਗ ਬੁਲਾਈ ਅਤੇ ਆਪਣੇ ਹੀ ਢੰਗ ਨਾਲ ਅਤੇ ਆਪਣੇ ਅਸਰ-ਰਸੂਖ ਨਾਲ ਪ੍ਰੋ. ਗੁਰਮੁਖ ਸਿੰਘ ਨੂੰ 17 ਮਾਰਚ 1887 ਨੂੰ ਅਕਾਲ ਤਖਤ ਤੋਂ ਛੇਕਣ ਦਾ ਹੁਕਮਨਾਮਾ ਵੀ ਜਾਰੀ ਕਰਵਾ ਦਿੱਤਾ। ਗਿਆਨੀ ਜੀ ਨੇ ਇਸ ਵਧੀਕੀ ਦੀ ਬਹੁਤ ਵਿਰੋਧਤਾ ਕੀਤੀ। ਨਤੀਜੇ ਵਜੋਂ ਗਿਆਨੀ ਜੀ 'ਤੇ ਝੂਠਾ ਮੁਕੱਦਮਾ ਪਾਇਆ ਗਿਆ ਜਿਸ ਵਿਚ ਅਖੀਰ ਗਿਆਨੀ ਜੀ ਦੀ ਹੀ ਜਿੱਤ ਹੋਈ। ਮਾਇਕ ਔਕੜਾਂ ਅਣਗਿਣਤ ਆਈਆਂ। 'ਖਾਲਸਾ ਅਖ਼ਬਾਰ' ਬੰਦ ਕਰਨਾ ਪਿਆ ਜੋ ਮੁੜ 1893 ਵਿਚ ਸ਼ੁਰੂ ਕੀਤਾ ਗਿਆ ਅਤੇ ਗਿਆਨੀ ਜੀ ਇਸਦੇ ਅੱਠ ਸਾਲ ਸੰਪਾਦਕ ਰਹੇ। ਇਸ ਦੌਰਾਨ ਗਿਆਨੀ ਜੀ ਨੇ ਗੁਰਦੁਆਰਿਆਂ ਦੇ ਪੁਜਾਰੀਆਂ ਅਤੇ ਮਹੰਤਾਂ ਵਿਰੁੱਧ ਡੱਟ ਕੇ ਲਿਖਿਆ। ਇਸ ਜ਼ਬਰਦਸਤ ਲੇਖਣੀ ਸਦਕਾ ਹੀ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ 'ਗੁਰਦੁਆਰਾ ਸੁਧਾਰ ਲਹਿਰ' ਨੇ ਜਨਮ ਲਿਆ। ਗਿਆਨੀ ਜੀ ਨੇ ਹੀ ਸਭ ਤੋਂ ਪਹਿਲਾਂ ਇਸ ਲਹਿਰ ਲਈ ਯਤਨ ਕੀਤਾ ਸੀ ਤੇ ਪੁਜਾਰੀਆਂ ਅਤੇ ਮਹੰਤਾਂ ਦੇ ਜੀਵਨ ਦੀ ਅਸਲੀਅਤ ਲੋਕਾਂ ਸਾਹਮਣੇ ਪੇਸ਼ ਕੀਤੀ। ਬੇਦੀਆਂ, ਸੋਢੀਆਂ ਵੱਲੋਂ ਗੁਰਧਾਮਾਂ ਵਿਚ ਗੱਦੀਆਂ ਲਾਉਣ ਦੀ ਭੰਡੀ ਕੀਤੀ ਅਤੇ ਉਹਨਾਂ ਦੀਆਂ ਕੁਚਾਲਾਂ ਨੂੰ ਨੰਗਿਆਂ ਕੀਤਾ। ਇਸ ਤਰ੍ਹਾਂ ਸਿੱਖ ਧਰਮ ਵਿਚ ਗੁਰੂਡੰਮ ਨੂੰ ਖਤਮ ਕਰਨ ਦਾ ਸਿਹਰਾ ਗਿਆਨੀ ਜੀ ਦੇ ਸਿਰ ਹੀ ਬੱਝਦਾ ਹੈ। ਇਸ ਲਹਿਰ ਸਦਕਾ ਹੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਵਿਚੋਂ ਮੂਰਤੀਆਂ ਚੁਕਵਾਈਆਂ ਗਈਆਂ ਅਤੇ ਉਥੇ ਗੁਰਮਤਿ ਨੂੰ ਸਥਾਪਤ ਕੀਤਾ ਗਿਆ।

ਅਕਾਲ ਤਖਤ ਤੇ ਛੂਤਛਾਤ ਦਾ ਬੜਾ ਬੋਲਬਾਲਾ ਸੀ, ਜਿਸ ਵਿਰੁੱਧ ਗਿਆਨੀ ਜੀ ਨੇ ਜਹਾਦ ਕੀਤਾ। ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਦੇ ਦਰਸ਼ਨਾਂ ਲਈ ਅਛੂਤ ਸਿੱਖਾਂ ਲਈ ਦੁਪਹਿਰ ਵੇਲੇ ਵੱਖਰਾ ਸਮਾਂ ਰੱਖਿਆ ਗਿਆ ਸੀ, ਜਦੋਂ ਸਭ ਤੋਂ ਘੱਟ ਰੌਣਕ ਹੁੰਦੀ ਸੀ। ਇੱਥੇ ਹੀ ਬੱਸ ਨਹੀਂ ਉਹਨਾਂ ਨੂੰ ਸੰਗਤ ਵਿਚ ਨਾ ਕੜਾਅ ਪ੍ਰਸ਼ਾਦ ਦਿੱਤਾ ਜਾਂਦਾ ਸੀ ਅਤੇ ਨਾ ਹੀ ਉਹਨਾਂ ਤੋਂ ਸਵੀਕਾਰ ਕੀਤਾ ਜਾਂਦਾ ਸੀ। ਗਿਆਨੀ ਜੀ ਨੂੰ ਖੁਦ ਵੀ ਦੂਜੇ ਅਛੂਤਾਂ ਵਾਂਗ ਹੀ ਜੋੜਿਆਂ ਵਿਚ ਖਲੋ ਕੇ ਪ੍ਰਸ਼ਾਦ ਲੈਣਾ ਪਿਆ।ਇੱਥੋਂ ਹੀ ਮਜ਼ਹਬੀ ਸਿੰਘਾਂ ਵੱਲੋਂ ਕੜਾਹ ਪ੍ਰਸ਼ਾਦ ਲੈਣ ਤੋਂ ਇਨਕਾਰ ਕਰਨ ਕਰਕੇ 'ਗੁਰਦੁਆਰਾ ਸੁਧਾਰ ਲਹਿਰ' ਦਾ ਮੁੱਢ ਬੱਝਾ ਸੀ।

ਹੁਣ ਗਿਆਨੀ ਜੀ ਅਤੇ ਪ੍ਰੋਫੈਸਰ ਸਾਹਿਬ ਰਲ ਕੇ ਵਿੱਦਿਆ ਵਿਸਥਾਰ ਕਰਨਾ ਚਾਹੁੰਦੇ ਸਨ, ਜਿਸ ਲਈ ਕੋਈ ਵੱਡੀ ਵਿਦਿਅਕ ਸੰਸਥਾ ਖੋਲ੍ਹਣਾ ਚਾਹੁੰਦੇ ਸਨ। ਇਸ ਦੀ ਪੂਰਤੀ ਲਈ ਉਹਨਾਂ ਨੇ ਦਿਨ ਰਾਤ ਇਕ ਕਰ ਦਿੱਤਾ। ਬਾਬਾ ਖੇਮ ਸਿੰਘ ਬੇਦੀ ਨੇ ਵਿਰੋਧਤਾ ਕੀਤੀ ਅਤੇ ਹੋਰ ਕੋਈ ਜ਼ੋਰ ਚਲਦਾ ਨਾ ਵੇਖ ਕੇ ਇਹਨਾਂ ਨੇ ਗਿਆਨੀ ਜੀ ਹੁਰਾਂ ਤੇ ਨੀਵੀਂ ਜਾਤ ਤੋਂ ਹੋਣ ਦਾ ਦੋਸ਼ ਲਾਇਆ। ਪਰ ਅਖੀਰ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਖੁੱਲ੍ਹ ਹੀ ਗਿਆ। ਅੱਜ ਵੀ ਉਹਨਾਂ ਦੀ ਯਾਦ ਵਿਚ ਖਾਲਸਾ ਕਾਲਜ ਵਿਚ ਖੇਡਾਂ ਵਿਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਨਾਂ ਦਾ ਤਮਗਾ ਦਿੱਤਾ ਜਾਂਦਾ ਹੈ, ਜੋ ਭਾਵੇਂ ਇਹਨਾਂ ਦੇ ਕੱਦ ਕਾਠ ਤੋਂ ਛੋਟਾ ਹੀ ਸਹੀ। ਇਹਨਾਂ ਦੀ ਮਿਹਨਤ, ਦੌੜ ਭੱਜ ਅਤੇ ਸਿਰੜ ਤੋਂ ਬਿਨਾਂ ਇਹ ਕਾਰਜ ਸਿਰੇ ਚੜ੍ਹਨਾ ਨਾ-ਮੁਮਕਿਨ ਸੀ। ਵਿੱਦਿਆ ਦੇ ਪਸਾਰ ਨਾਲ ਸਿੱਖਾਂ ਦੀ ਫੌਜ ਵਿਚ ਭਰਤੀ ਹੋਣੀ ਸ਼ੁਰੂ ਹੋ ਗਈ ਤੇ ਨਾਲ ਦੀ ਨਾਲ ਉਹਨਾਂ ਦਾ ਆਰਥਿਕ ਪੱਧਰ ਉੱਚਾ ਹੋਣਾ ਲਾਜ਼ਮੀ ਸੀ। ਗਿਆਨੀ ਜੀ ਆਪਣੇ ਅਖ਼ਬਾਰ ਵਿਚ ਫੌਜੀਆਂ ਲਈ ਉਚੇਚਾ ਕਾਲਮ ਲਿਖਦੇ, ਜਿਸ ਸਦਕਾ ਫੌਜ ਵਿਚ ਵਧੀਆ ਅਤੇ ਪੂਰਨ ਗੁਰਸਿੱਖ ਵੀ ਮਿਲਣ ਲੱਗ ਪਏ।

ਦਿਨ ਰਾਤ ਮਿਹਨਤ ਕਰਕੇ ਅਤੇ ਕੁਝ ਮਾਇਕ ਔਕੜਾਂ ਕਾਰਨ ਉਹਨਾਂ ਨੂੰ ਅਣਗਿਣਤ ਸਮੱਸਿਆਵਾਂ ਨੇ ਆਣ ਘੇਰਿਆ। ਅਖ਼ਬਾਰ ਵਿਰੋਧੀਆਂ ਵੱਲੋਂ ਬੰਦ ਕਰਵਾ ਦਿੱਤਾ ਗਿਆ, ਸੁਪਤਨੀ ਦਾ ਦੇਹਾਂਤ ਹੋ ਗਿਆ, ਬਹੁਤ ਹੀ ਨਿਕਟੀ ਪਿਆਰਾ ਦੋਸਤ ਪ੍ਰੋ. ਗੁਰਮੁਖ ਸਿੰਘ ਚਲਾਣਾ ਕਰ ਗਏ, ਦਸ ਕੁ ਸਾਲ ਦੀ ਬੇਟੀ ਦੀ ਮੌਤ ਨੇ ਤਾਂ ਲੱਕ ਹੀ ਤੋੜ ਦਿੱਤਾ, ਬੇਟੇ ਬਲਦੇਵ ਸਿੰਘ ਨੂੰ ਮਾਇਕ ਔਕੜਾਂ ਕਾਰਨ ਡਾਕਟਰੀ ਦੀ ਪੜ੍ਹਾਈ ਅਧਵਾਟੇ ਛੱਡਣੀ ਪਈ, ਕੰਵਰ ਬਿਕਰਮ ਸਿੰਘ ਅਤੇ ਸ. ਅਤਰ ਸਿੰਘ ਭਦੌੜ ਵਾਲੇ ਆਪ ਦੀਆਂ ਮਾਇਕ ਔਕੜਾਂ ਦੂਰ ਕਰਦੇ ਸਨ ਪਰ ਉਹ ਵੀ ਚੱਲ ਵੱਸੇ। ਇਹਨਾਂ ਸਾਰੀਆਂ ਮੁਸੀਬਤਾਂ ਨੇ ਗਿਆਨੀ ਜੀ ਨੂੰ ਹਲੂਣ ਕੇ ਰੱਖ ਦਿੱਤਾ ਤੇ ਉਹਨਾਂ ਦਾ ਬਿਮਾਰੀ ਕਾਰਨ ਜਿਗਰ ਵੱਧ ਗਿਆ। ਅਣਖੀ ਇੰਨੇ ਸਨ ਕਿ ਕਿਸੇ ਤੋਂ ਸਹਾਇਤਾ ਨਹੀਂ ਮੰਗੀ। ਇਕ ਮੁਸਲਮਾਨ ਡਾਕਟਰ ਦੋਸਤ ਮੁਫ਼ਤ ਇਲਾਜ ਕਰਦਾ ਰਿਹਾ ਪਰ ਅੰਤ ਉਹ 6 ਸਤੰਬਰ 1901 ਨੂੰ ਸਵੇਰੇ ਸਾਢੇ ਦਸ ਵਜੇ ਆਪਣਾ ਆਪ ਸਮੇਟ ਕੇ ਦੂਰ-ਦੁਰਾਡੇ ਜਾ ਬੈਠੇ। ਦੋ ਘੰਟੇ ਪਹਿਲਾਂ ਤੱਕ ਵੀ ਪੂਰੇ ਹੋਸ਼ੋ ਹਵਾਸ਼ ਵਿਚ ਸਨ ਤੇ ਡਾਕਟਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਹੁਣ ਦਵਾਈਆਂ ਰਹਿਣ ਦਿਓ, ਹੁਣ ਕਿਸੇ ਉਪਰਾਲੇ ਦੀ ਲੋੜ ਨਹੀਂ। 49 ਕੁ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਹ ਇਕ ਹੀਰੇ ਦੀ ਤਰ੍ਹਾਂ ਆਪਣੀ ਚਮਕ ਦਮਕ ਦਿਖਾ ਕੇ ਸਦਾ ਲਈ ਅਲੋਪ ਹੋ ਗਏ ਪਰ ਉਹਨਾਂ ਦੇ ਇਸ ਥੋੜ੍ਹੇ ਜਿਹੇ ਵਕਫੇ ਵਿਚ ਕੀਤੇ ਕੰਮ ਸਦੀਆਂ ਤੱਕ ਜਿਉਂਦੇ ਰਹਿਣਗੇ ਤੇ ਆਉਣ ਵਾਲਿਆਂ ਲਈ ਸਦਾ ਚਾਨਣ ਮੁਨਾਰਾ ਬਣੇ ਰਹਿਣਗੇ। ਉਹਨਾਂ ਦੇ ਚਲਾਣੇ ਤੇ ਇਕ ਸੋਗ ਦੀ ਲਹਿਰ ਉਚ ਖਲੋਤੀ ਸੀ, ਹਰ ਅਖ਼ਬਾਰ ਨੇ ਸ਼ੋਕ ਮਤੇ ਛਾਪੇ। ਕਿੰਨੇ ਹੀ ਲੇਖ, ਕਵਿਤਾਵਾਂ ਉਹਨਾਂ ਦੀ ਯਾਦ ਵਿਚ ਛਾਪੀਆਂ ਗਈਆਂ। ਖਾਲਸਾ ਅਖ਼ਬਾਰ ਨੇ 13 ਸਤੰਬਰ 1901 ਦੇ ਅੰਕ ਵਿਚ ਇਕ ਕਵਿਤਾ ਇੰਝ ਛਾਪੀ :-



- ਫਤਿਹਜੰਗ ਸਿੰਘ
91-98726-70278

ਗਰਕੀ! ਸ਼ੋਕ! ਅੰਧੇਰ! ਤੁਫ਼! ਤਰਾਹਿ! ਹਾਇ! ਤੂਫਾਨ!
ਮਰਨੇ ਜੋਗੇ ਨਾ ਮਰੇ, ਮਰ ਗਏ ਚਤੁਰ ਸੁਜਾਨ।
ਦਵੱਈਆ
ਕਲਮ ਝਿਜਕਦੀ ਹੈ, ਜੀਆ ਕੰਬਦਾ ਹੈ,
ਡੁੱਲ੍ਹ-ਡੁੱਲ੍ਹ ਅੱਥਰੂ ਆਵਣ।
ਤਨ ਪਰ ਖੜ੍ਹੇ ਰੌਂਗਟੇ ਹੁੰਦੇ,
ਨੈਨਨ ਲਹੂ ਬਹਾਵਣ।

ਖਾਲਸਾ ਸਮਾਚਾਰ ਨੇ 1 ਜਨਵਰੀ 1902 ਦੇ ਅੰਕ ਵਿਚ ਲਿਖਿਆ, "ਭਾਈ ਗੁਰਮੁਖ ਸਿੰਘ ਦੀ ਯਾਦਗਾਰ ਵੱਲ ਵੇਖੋ ਕਿਸੇ ਨੂੰ ਪਤਾ ਹੀ ਨਹੀਂ, ਭਾਈ ਦਿੱਤ ਸਿੰਘ ਦੀ ਯਾਦਗਾਰ ਦਾ ਤਾਂ ਕਿਸੇ ਨੂੰ ਚਿਤ ਚੇਤੇ ਵੀ ਨਹੀਂ ਆਇਆ। ਭਾਈ ਦਿੱਤ ਸਿੰਘ ਨੇ ਉਹ ਕੰਮ ਕੀਤਾ ਜੋ ਹਰ ਕਿਸੇ ਥੀਂ ਹੋਣਾ ਕਠਿਨ ਹੈ। ਪੜ੍ਹੇ ਲਿਖੇ ਹੋਏ ਅਗਰ ਅੱਜਕਲ੍ਹ ਜੋ ਸਿੱਖ ਦਿਸਦੇ ਹਨ ਤਾਂ ਇਹ ਉਸੀ ਸ਼ੇਰ ਮਰਦ ਦਾ ਕੰਮ ਹੈ। ਸੋ ਪੜ੍ਹੇ ਲਿਖੇ ਸਿੱਖਾਂ ਦਾ ਫਰਜ਼ ਬਣਦਾ ਹੈ ਜੋ ਉਹਨਾਂ ਦੀ ਕੋਈ ਅਜਿਹੀ ਯਾਦਗਾਰ ਬਣਾਉਣ ਜੋ ਹਮੇਸ਼ਾ ਵਾਸਤੇ ਹੋਵੇ।

ਉਹਨਾਂ ਦੀ ਯਾਦਗਾਰ ਬਣਾਉਣ ਦੇ ਬਹੁਤ ਚਰਚੇ ਹੋਏ ਪਰ ਕੋਈ ਸਥਾਈ ਰੂਪ ਵਿਚ ਨਹੀਂ ਬਣ ਸਕੀ। ਭਾਈ ਦਿੱਤ ਸਿੰਘ ਜੀ ਮੈਮੋਰੀਅਲ ਫੰਡ ਕਮੇਟੀ ਬਣਾਈ ਗਈ ਪਰ ਕੋਈ ਚਿਰ ਸਥਾਈ ਕੰਮ ਨਹੀਂ ਹੋਇਆ।

ਗਿਆਨੀ ਦਿੱਤ ਸਿੰਘ ਨੇ ਆਪਣੀ ਵਿਦਵਤਾ, ਦਲੇਰੀ ਅਤੇ ਤਰਕ ਨਾਲ ਇਕੱਲਿਆਂ ਹੀ ਆਰੀਆ ਸਮਾਜ ਲਹਿਰ ਨੂੰ ਪਸੀਨੇ ਲਿਆਈ ਰੱਖੇ। ਆਰੀਆ ਸਮਾਜ ਲਹਿਰ ਜੋ ਗੁਜਰਾਤ ਤੋਂ ਆਰੰਭ ਹੋਈ ਪਰ ਪੰਜਾਬ ਵਿਚ ਵਿੱਦਿਆ ਤੇ ਜਾਗ੍ਰਿਤੀ ਦੀ ਘਾਟ ਕਾਰਨ ਵਧਣ ਫੁੱਲਣ ਲੱਗੀ ਸੀ। ਜੇ ਗਿਆਨੀ ਦਿੱਤ ਸਿੰਘ ਇਸਨੂੰ ਸਿੰਘ ਸਭਾ ਲਹਿਰ ਰਾਹੀਂ ਠੱਲ੍ਹ ਨਾ ਪਾਉਂਦੇ ਤਾਂ ਸਿੱਖੀ ਦੇ ਹਾਲ ਦਾ ਅੰਦਾਜ਼ਾ ਲੱਗ ਸਕਦਾ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਦੇ ਇਕ ਕਰੋੜ ਸਿੱਖ 1881 ਦੀ ਮਰਦਮਸ਼ੁਮਾਰੀ ਵੇਲੇ 19 ਲੱਖ ਹੀ ਰਹਿ ਗਏ ਸਨ। ਅਫਸੋਸ ਕਿ ਸੂਰਬੀਰ, ਯੋਧੇ, ਵਿਦਵਾਨ ਤੇ ਸਿੱਖੀ ਦੇ ਗਾਡੀ ਦੀ ਯਾਦ ਨਾ ਪੰਜਾਬ ਦੀਆਂ ਸਰਕਾਰਾਂ ਨੂੰ ਆਉਂਦੀ ਹੈ ਨਾ ਸਿੱਖਾਂ ਨੂੰ ਤੇ ਨਾ ਕਿਸੇ ਸਿੱਖ ਜਥੇਬੰਦੀ ਨੂੰ। ਇਹ ਇਸ ਲਈ ਕਿ ਬ੍ਰਾਹਮਣਵਾਦ ਦੀ ਜਕੜ ਫਿਰ ਪੀਡੀ ਹੋ ਗਈ ਹੈ। ਅਸੀਂ ਮੁੜ ਉਸ ਹਾਲਤ ਵਿਚ ਪੁੱਜ ਗਏ ਹਾਂ, ਜਿਸ ਵਿਰੁੱਧ ਗਿਆਨੀ ਦਿੱਤ ਸਿੰਘ ਅਤੇ ਪ੍ਰੋਫੈਸਰ ਗੁਰਮੁਖ ਸਿੰਘ ਨੇ ਸੁਧਾਰ ਲਹਿਰ ਦਾ ਬੀੜਾ ਚੁੱਕਿਆ ਸੀ। ਅੱਜ ਤੇਜ਼ ਰਫਤਾਰ ਨਾਲ ਸਿੱਖਾਂ ਦੀ ਗਿਣਤੀ ਘਟਦੀ ਜਾ ਰਹੀ ਹੈ।

ਗਿਆਨੀ ਦਿੱਤਾ ਸਿੰਘ ਇਕ ਮਨੁੱਖ ਨਹੀਂ ਪੂਰੀ ਸੰਸਥਾ ਸੀ। ਗਿਆਨ ਦਾ ਲਗਾਤਾਰ ਵਗਦਾ ਦਰਿਆ ਸੀ। ਇਕ ਕਿਤਾਬ ਪੂਰੀ ਕਰਦੇ ਤਾਂ ਉਹ ਦੂਜੀ ਛੂਹ ਲੈਂਦੇ ਤੇ ਇੰਝ ਉਹਨਾਂ ਨੇ 52 ਕਿਤਾਬਾਂ ਪੰਜਾਬੀ ਮਾਂ ਬੋਲੀ, ਸਿੱਖ ਜਗਤ ਅਤੇ ਦਲਿਤਾਂ ਦੀ ਝੋਲੀ ਵਿਚ ਪਾਈਆਂ। ਇਹਨਾਂ ਵਿਚੋਂ 8 ਪੁਸਤਕਾਂ ਇਤਿਹਾਸਕ ਹਨ, ਜੋ ਸ਼ਹੀਦਾਂ ਬਾਰੇ ਹਨ।

ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਬਾਰੇ 7 ਪੁਸਤਕਾਂ ਅਤੇ ਬਾਕੀ ਦੀਆਂ 37 ਪੁਸਤਕਾਂ ਉਪਦੇਸ਼ਾਤਮਕ ਅਤੇ ਖੰਡਨ ਮੰਡਨ ਨਾਲ ਸਬੰਧਤ ਹਨ। ਜਿੰਨੀ ਆਸਾਨੀ ਨਾਲ ਉਹ ਕਵਿਤਾ ਰਚਦੇ ਉਨੀ ਅਸਾਨੀ ਨਾਲ ਹੀ ਵਾਰਤਕ ਲਿਖਦੇ। ਉਹ ਇਹੋ ਜਿਹੇ ਸਾਹਿਤਕਾਰ ਸਨ, ਜਿਹਨਾਂ ਨੇ ਕਿਤਾਬਾਂ, ਪੈਂਫਲਿਟ, ਚੁਪਤਰਿਆਂ, ਪੱਤਰ, ਪੱਤਰਕਾਵਾਂ, ਗਦ ਅਤੇ ਪਦ ਵਿਚ ਹਰ ਵਿਸ਼ੇ ਤੇ ਸੌਖੀ ਅਤੇ ਠੇਠ ਪੰਜਾਬੀ ਅਤੇ ਆਪਣੀ ਵਿਲੱਖਣ ਸ਼ੈਲੀ ਵਿਚ ਸਾਹਿਤ ਰਚਿਆ। ਪੂਰੀ ਦਲੇਰੀ ਅਤੇ ਬੇਬਾਕੀ ਨਾਲ ਆਪਣੀ ਗੱਲ ਕਹੀ। ਨਤੀਜਾ ਭਾਵੇਂ ਕੁਝ ਵੀ ਹੋਵੇ, ਇਸਦੀ ਪਰਵਾਹ ਨਾ ਕਰਦੇ ਹੋਏ ਸੱਚ ਦਾ ਪੱਲਾ ਨਾ ਛੱਡਿਆ। ਉਹਨਾਂ ਦਾ ਇਕ ਬੰਦ ਹੈ:-

ਤਾਂ ਤੇ ਕਹਾਂ ਸੁਨਾਇ ਮੈਂ ਸਿੱਖੀ ਦਾ ਹਾਲ,
ਭਾਵੇਂ ਨਕਲੀ ਸਿੱਖ ਸੌ ਕੱਢਣ ਮੈਨੂੰ ਗਾਲ।

ਤੇ ਅੱਜ ਇਸ ਵਿਦਵਾਨ, ਵਿਚਾਰਕ, ਪ੍ਰੋਫੈਸਰ, ਸਮਾਜ ਸੁਧਾਰਕ, ਲੇਖਕ, ਕਵੀ, ਪੱਤਰਕਾਰ ਦਾ ਮੁੱਲ ਨਾ ਤਾਂ ਸਿੱਖਾਂ ਨੇ ਪਾਇਆ ਹੈ। ਭਾਵੇਂ ਕਿ ਇਹਨਾਂ ਨੇ ਆਪਣੀ ਅਣਥੱਕ ਮਿਹਨਤ ਸਦਕਾ ਸਿੱਖ ਧਰਮ ਦੀ ਨਿਘਰਦੀ ਜਾ ਰਹੀ ਹਾਲਤ ਨੂੰ ਮੁੜ ਪੈਰਾਂ ਸਿਰ ਕੀਤਾ ਸੀ ਅਤੇ ਨਾ ਹੀ ਦਲਿਤ ਸਮਾਜ ਨੇ ਪਾਇਆ ਹੈ। ਉਹ ਦਲਿਤ ਸਮਾਜ ਦੇ ਇਕ ਅਜਿਹੇ ਚਮਕਦੇ ਹੀਰੇ ਸਨ ਕਿ ਅੱਜ ਵੀ ਉਹਨਾਂ ਦੀ ਵਿਦਵਤਾ, ਮਿਹਨਤ ਅਤੇ ਬੁੱਧੀ 'ਤੇ ਸਮਾਜ ਰਸ਼ਕ ਕਰ ਸਕਦਾ ਹੈ।



# ਕਰੋੜਾਂ ਲੋਕਾਂ ਦੀ ਧੜਕਨ ਹੈ ਡਾ. ਅੰਬੇਡਕਰ

ਕਾਲਿਆਂ ਨੂੰ ਨਫਰਤ ਕਰਦੇ ਹਨ ਇੰਝ ਹੀ ਗਾਂਧੀ ਜੀ ਵੀ ਭਾਰਤ ਵਿਚ ਅਛੂਤਾਂ ਨੂੰ ਨਫਰਤ ਕਰਦਾ ਸੀ ਇਸਲਈ ਇਸ ਦਾ ਬੁੱਤ ਯੂਨਿਵਰਸਿਟੀ ਵਿਚੋਂ ਹਟਾਇਆ ਜਾਵੇ। ਇੰਝ ਹੀ ਗਾਂਧੀ ਜੀ ਉਪਰ ਅਛੂਤਾਂ ਨੂੰ ਹਰੀਜਨ ਕਹਿਣ ਉੱਪਰ ਪਾਬੰਦੀ ਸੀ ਪਰ ਹੁਣ ਕੋਰਟ ਨੇ ਫੈਸਲਾ ਦਿਤਾ ਹੈ ਕਿ ਹਰਿਜਨ ਕਹਿਣ ਉਪਰ ਉਸਨੂੰ ਦੋਸ਼ੀ ਕਰਾਰ ਦੇ ਕੇ ਸਜਾ ਹੋ ਸਕਦੀ ਹੈ। ਅਮਰੀਕਾ ਦੇ ਰਾਸ਼ਟਰਪਤੀ (ਹੁਣ ਸਾਬਕਾ) ਬਰਾਕ ਉਬਾਮਾ ਜੀ ਨੇ ਕਿਹਾ ਸੀ ਕਿ ਅਗਰ ਡਾ. ਅੰਬੇਡਕਰ ਜੀ ਸਾਡੇ ਦੇਸ਼ ਵਿਚ ਪੈਦਾ ਹੋਏ ਹੁੰਦੇ ਤਾਂ ਅਸੀਂ ਉਸਨੂੰ ਸੂਰਜ ਕਹਿੰਦੇ ਇਕ ਅਜਿਹਾ ਸੂਰਜ ਜਿਸ ਨੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਤੌਰ ਤੇ ਸੰਪੂਰਨ ਵਿਸ਼ਵ ਨੂੰ ਆਪਣੇ ਗਿਆਨ ਨਾਲ ਪ੍ਰਕਾਸ਼ਿਤ ਕੀਤਾ ਹੈ।

ਨਿਊਜ਼ੀਲੈਂਡ ਸਰਕਾਰ ਨੇ ਪਹਿਲਾਂ ਡਾ. ਅੰਬੇਡਕਰ ਜੀ ਦਾ ਅੱਧੇ ਕੱਦ ਦਾ ਬੁੱਤ ਲਗਾਇਆ,ਫਿਰ ਇਕ ਸੜਕ ਦਾ ਨਾਮ ਅੰਬੇਡਕਰ ਵੇ ਰੱਖਿਆ ਤਾਂ ਹੁਣ ਇਕ ਨਵੀਂ ਅਬਾਦੀ (ਸਬ ਡਬੀਜਨ) ਨਿਊ ਐਸ. ਐਮ. ਜੇਪੀ. ਰੱਖਿਆ ਹੈ।ਇਹ ਸਭ ਉੱਥੇ ਰਹਿੰਦੇ ਅੰਬੇਡਕਰੀ ਸਾਥੀਆਂ ਅਤੇ ਸਰਕਾਰ ਦੀ ਮਦਦ ਨਾਲ ਨਵਾਂ ਇਤਿਹਾਸ ਰਚਿਆ ਗਿਆ ਹੈ।ਦੇਸ਼ ਵਿਦੇਸ਼ ਵਿਚ ਇਸ ਇਸ ਸਮੇਂ ਅੰਬੇਡਕਰਵਾਦ ਸਹੀ ਦਿਸ਼ਾ ਵੱਲ ਵੱਧ ਰਿਹਾ ਹੈ। ਪਰ ਭਾਰਤ ਵਿਚ ਘਟੀਆ ਸੋਚ ਰੱਖਣ ਵਾਲੇ ਮੰਨੂਵਾਦੀਆਂ ਲੋਕਾਂ ਨੇ 09 ਅਗਸਤ ਨੂੰ ਦੁਨੀਆਂ ਦੇ ਸਭ ਤੋਂ ਵਧੀਆ ਮਹਾਨ ਗ੍ਰੰਥ ਪਾੜਿਆ ਤੇ ਫਿਰ ਸਾੜਿਆ। ਇਸ ਸਾਜਿਸ਼ ਵਿਚ ਕੁਝ ਔਰਤਾਂ ਵੀ ਸ਼ਾਮਿਲ ਸਨ ਅਤੇ ਪ੍ਰਸ਼ਾਸਨ, ਕੁਝ ਲੀਡਰਾਂ ਦੀ ਵੀ ਸ਼ਹਿ ਸੀ ਇਸ ਕਰਕੇ ਫੌਰੀ ਕਾਰਵਾਈ ਨਾ ਕਰਕੇ ਟਾਲ ਮਟੋਲ ਹੋਈ ਸੀ। ਭਾਰਤੀ ਸੰਵਿਧਾਨ ਵਿਚ ਔਰਤ ਨੂੰ ਬਰਾਬਰਤਾ ਅਤੇ ਵੋਟ ਦਾ ਅਧਿਕਾਰ, ਪਿਤਾ ਪੁਰਖੀ ਜਾਇਦਾਦ ਵਿਚ ਭਰਾਵਾਂ ਦੇ ਬਰਾਬਰ ਦਾ ਹੱਕ ਲੈ ਕੇ ਦਿਤਾ। ਜਦ ਕਿ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਔਰਤ ਨੂੰ ਪੈਰ ਦੀ ਜੁੱਤੀ ਅਤੇ ਪਾਪ ਯੋਨੀ ਕਹਿਕੇ ਭੰਡਿਆ ਆਦਿ ਜਦ ਕਿ ਡਾ. ਅੰਬੇਡਕਰ ਜੀ ਨੇ ਔਰਤ ਨੂੰ ਸਿਰ ਦਾ ਤਾਜ ਬਣਾਇਆ।

ਡਾ. ਅੰਬੇਡਕਰ ਜੀ ਦੇ ਦੇਸ਼ ਲਈ ਅਤੇ ਦੇਸ਼ ਵਾਸੀਆਂ ਦੇ ਲਈ ਕੀਤੇ ਕੰਮਾਂ ਕਰਕੇ ਸੋਹਰਤ ਦਿਨੋਂ ਦਿਨ ਵਧ ਰਹੀ ਹੈ। ਲੰਡਨ ਦੇ ਉਯੁਕਸ ਗਰੇਜ ਇਨ" ਵਿਚ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਮਹਾਨ ਵਕੀਲਾਂ ਦੀ ਲਿਸਟ ਵਿਚ 25 ਅਕਤੂਬਰ 2018 ਨੂੰ ਦਰਜ ਕੀਤਾ ਗਿਆ ਹੈ। ਯੂਨਾਈਟਡਨੇਸ਼ਨ ਵਿਚ ਹਰ ਸਾਲ ਡਾ. ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਇਹਨਾਂ ਦੇ ਵਿਚਾਰਾਂ ਉਪਰ ਬਹੁਤ ਸਾਰੇ ਦੇਸ਼ ਅਧਿਆਨ ਕਰ ਰਹੇ ਹਨ। ਕੈਨੇਡਾ ਵਿਚ ਪਹਿਲੀ ਬਾਰ ਰਾਜਧਾਨੀ ਓਟਾਵਾ ਵਿਖੇ ਪਾਰਲੀਮੈਂਟ ਵਿਚ ਡਾ. ਅੰਬੇਡਕਰ ਜੀ ਦਾ ਛੇ ਦਸੰਬਰ ਨੂੰ ਪਰਿਨਿਰਵਾਣ ਦਿਵਸ ਮਨਾਇਆ ਗਿਆ ਹੈ। ਇਹ ਪ੍ਰੋਗਰਾਮ ਸਰਕਾਰ ਦੀ ਸਹਿਮਤੀ ਨਾਲ ਅੰਬੇਡਕਰ ਇੰਟਰਨੈਸ਼ਨਲ ਸੋਸ਼ਲ ਰਿਫੋਰਮ ਔਰਗੇਨਾਈਜ਼ੇਸ਼ਨ ਕੈਨੇਡਾ ਵਲੋਂ ਮਨਾਇਆ ਗਿਆ। ਜਦ ਕਿ ਮਹਾਤਮਾ ਗਾਂਧੀ ਜੀ ਦਾ ਨਾਮ ਸਰਕਾਰ ਜਿੰਦਾ ਰੱਖਣਾ ਚਾਹੁੰਦੀ ਹੈ।ਕਿਉਂਕਿ ਲੋਕ ਸਭਾ ਵਿਚੋਂ ਪਾਸ ਹੋਏ ਬਗੈਰ ਇਹਨਾਂ ਨੂੰ ਰਾਸ਼ਟਰ ਪਿਤਾ ਦਾ ਖਿਤਾਬ ਅਤੇ ਕਰੰਸੀ ਉਪਰ ਇਹਨਾਂ ਦੀ ਫੋਟੋ ਧੜਾ ਧੜ ਛਾਪੀ ਜਾ ਰਹੀ ਹੈ। ਲੋਕ ਇਹਨਾਂ ਦੀਆਂ ਲਿਖਤਾਂ ਪੜ੍ਹ ਕੇ ਇਹਨਾਂ ਤੋਂ ਮੂੰਹ ਮੋੜ ਚੁੱਕੇ ਹਨ। ਇਸੇ ਤਰ੍ਹਾਂ ਹੀ ਅਫਰੀਕਾ ਦੇ ਸ਼ਹਿਰ ਘਾਨਾ ਯੂਨੀਵਰਸਿਟੀ ਵਿਖੇ ਮਹਾਤਮਾ ਗਾਂਧੀ ਜੀ ਦਾ ਬੁੱਤ ਲਗਾਇਆ ਗਿਆ ਸੀ। ਉੱਥੇ ਦੇ ਲੋਕਾਂ ਨੇ ਜਦੋਂ ਡਾ. ਅੰਬੇਡਕਰ ਜੀ ਦੀ ਕਿਤਾਬ ਐਨੀਲੇਸ਼ਨ ਔਫ ਕਾਸਟ ਅਤੇ ਮਿਸਟਰ ਗਾਂਧੀ ਔਰ ਐਨਟੈਚਬਲ ਆਦਿ ਵਰਗੀਆਂ ਹੋਰ ਕਿਤਾਬਾਂ ਪੜੀਆਂ ਤਾਂ ਸਹੀ ਗਲ ਸਾਹਮਣੇ ਆਈ ਤਾਂ ਗਾਂਧੀ ਜੀ ਦਾ ਸਟੈਚੂ ਉੱਥੋਂ ਹਟਾ ਦਿੱਤਾ ਗਿਆ ਕਿਉਂ ਕਿ ਗਾਂਧੀ ਚਾਰ ਵਰਣਾਂ ਨੂੰ ਮੰਨਣ ਵਾਲਾ ਅਛੂਤਾ ਦਾ ਦੁਸ਼ਮਣ ਨੰਬਰ ਵੰਨ ਸੀ। ਓਟਾਵਾ ਯੂਨੀਵਰਸਿਟੀ ਵਿਚ ਵੀ ਗਾਂਧੀ ਜੀ ਬਾਰੇ ਸਹੀ ਜਾਣਕਾਰੀ ਨੂੰ ਲੈ ਕੇ ਲੋਕਾਂ ਨੇ ਯੂਨੀਵਰਸਿਟੀ ਨੂੰ ਖੱਤ ਲਿਖ ਕੇ ਮੰਗ ਕੀਤੀ ਹੈ ਕਿ ਜਿਵੇਂ ਗੋਰੇ ਕਾਲਿਆਂ ਨੂੰ ਨਫਰਤ ਕਰਦੇ ਹਨ ਇੰਝ ਹੀ ਗਾਂਧੀ ਜੀ ਵੀ ਭਾਰਤ ਵਿਚ ਅਛੂਤਾਂ ਨੂੰ ਨਫਰਤ ਕਰਦਾ ਸੀ ਇਸਲਈ ਇਸ ਦਾ ਬੁੱਤ ਯੂਨਿਵਰਸਿਟੀ ਵਿਚੋਂ ਹਟਾਇਆ ਜਾਵੇ। ਇੰਝ ਹੀ ਗਾਂਧੀ ਜੀ ਉਪਰ ਅਛੂਤਾਂ ਨੂੰ ਹਰੀਜਨ ਕਹਿਣ ਉੱਪਰ ਪਾਬੰਦੀ ਸੀ ਪਰ ਹੁਣ ਕੋਰਟ ਨੇ ਫੈਸਲਾ ਦਿਤਾ ਹੈ ਕਿ ਹਰਿਜਨ ਕਹਿਣ ਉਪਰ ਉਸਨੂੰ ਦੋਸ਼ੀ ਕਰਾਰ ਦੇ ਕੇ ਸਜਾ ਹੋ ਸਕਦੀ ਹੈ।

ਡਾ. ਅੰਬੇਡਕਰ ਜੀ ਨੇ ਸਭ ਨਾਲੋਂ ਉਤਮ ਗ੍ਰੰਥ ਭਾਰਤੀ ਸੰਵਿਧਾਨ ਕਿਸੇ ਇਕ ਵਰਗ ਲਈ ਤਿਆਰ ਨਹੀਂ ਕੀਤਾ ਅਤੇ ਨਾ ਹੀ ਇਹ ਕਿਸੇ ਵਿਸ਼ੇਸ਼ ਵਰਗ ਨਾਲ ਪੱਖਪਾਤ ਜਾਂ ਵਿਤਕਰਾ ਕੀਤਾ। ਇਸ ਨੂੰ ਬਣਾਉਣ ਲਈ ਭਾਂਵੇ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ ਪਰ ਬਹੁਤੇ ਮੈਂਬਰ ਗੈਰ ਹਾਜਰ ਰਹਿਣ ਕਰਕੇ ਡਾ. ਅੰਬੇਡਕਰ ਜੀ ਨੂੰ ਹੀ ਇਸ ਕੰਮ ਦੀ ਜਿੰਮੇਵਾਰੀ ਨਿਭਾਉਣੀ ਪਈ। ਸੰਵਿਧਾਨ ਨੂੰ ਤਿਆਰ ਕਰਨ ਵਿਚ 2 ਸਾਲ 11 ਮਹੀਨੇ 18 ਦਿਨ ਲੱਗੇ। ਜਿਸ ਵਿਚ ਵੋਟ ਦਾ ਅਧਿਕਾਰ ਰਾਜੇ ਦੇ ਬਰਾਬਰ ਰੰਕ ਨੂੰ ਵੀ ਦਿੱਤਾ ਅਤੇ ਵਰਣ ਵਿਵਸਥਾ ਨੂੰ ਬੇ ਮਾਇਨੇ ਕਰ ਦਿੱਤਾ। ਔਰਤ ਮਰਦ ਦੇ ਪਾੜੇ ਨੂੰ ਵੀ ਖਤਮ ਕਰ ਦਿੱਤਾ ਜਦ ਕਿ ਯੂਰਪ ਦੇ ਵਿਚ ਔਰਤਾਂ ਨੇ ਆਪਣੀ ਵੋਟ ਦਾ ਹੱਕ ਲੈਣ ਖਾਤਰ ਕਿੰਨੀਆਂ ਹੀ ਕੁਰਬਾਨੀਆਂ ਕੀਤੀਆਂ ਤਾਂ ਜਾ ਕੇ ਵੋਟ ਦਾ ਹੱਕ ਮਿਲਿਆ ਅਤੇ ਅੱਜ ਉਹ ਆਜਾਦੀ ਦੀ ਜਿੰਦਗੀ ਬਤੀਤ ਕਰ ਰਹੀਆਂ ਹਨ ਪਰ ਡਾ. ਅੰਬੇਡਕਰ ਜੀ ਨੇ ਬਿਨਾਂ ਮੰਗੇ ਔਰਤ ਨੂੰ ਮਰਦ ਦੇ ਬਰਾਬਰ ਇਕ ਅਜਿਹਾ ਹਥਿਆਰ ਫੜਾ ਦਿੱਤਾ ਕਿ ਉਹ ਉੱਚ ਜਾਤੀ ਦੇ ਅਮੀਰ ਅਤੇ ਹੈਂਕੜਬਾਜ, ਰਜਵਾੜੀਆਂ, ਰਾਜ ਕੁਮਾਰ ਅਤੇ ਰਾਜ ਕੁਮਾਰੀਆਂ ਨੂੰ ਗਰੀਬਾਂ ਦੀਅ ਝੁੱਗੀਆਂ ਵਿਚ ਮੰਗਤਿਆਂ ਵਾਂਗ ਲਿਆ ਕੇ ਵੋਟਾਂ ਮੰਗਣ ਲਈ ਖੜ੍ਹਾ ਕਰ ਦਿੱਤਾ । ਡਾ. ਅੰਬੇਡਕਰ ਕੀ ਦੀਆਂ ਹੋਰਨਾਂ ਦੇਣਾ ਵਿਚੋਂ ਸਭ ਤੋਂ ਵੱਧ ਵੋਟ ਦਾ ਅਧਿਕਾਰ ਹਰ ਇਕ ਲਈ ਲੈ ਕੇ ਦੇਣਾ ਸਭ ਤੋਂ ਵਿਲੱਖਣ ਅਤੇ ਬੇਜੋੜ ਮੰਨਿਆ ਗਿਆ ਹੈ।

ਡਾ. ਅੰਬੇਡਕਰ ਜੀ ਨੇ ਸਫਾਈ ਕਰਮਚਾਰੀਆਂ ਵਾਸਤੇ ਜੋ ਪਹਿਲਾਂ ਕਾਨੂੰਨ ਸਨ ਜਿਵੇਂ ਆਪਣੀਆਂ ਮੰਗਾਂ ਮੰਨਵਾਉਣ ਲਈ ਹੜਤਾਲ ਕਰਨਾ ਤਾਂ ਇਕ ਪਾਸੇ ਜੇਕਰ ਉਹ ਇਕ ਹਫਤਾ ਕੰਮ ਤੇ ਨਾ ਜਾਵੇ ਤਾਂ ਉਸਨੂੰ 15 ਦਿਨ ਜੇਲ੍ਹ ਭੇਜਿਆ ਜਾਂਦਾ ਸੀ ਇਹਨਾਂ ਲਈ ਇਹੋ ਜਿਹੇ ਕਾਨੂੰਨ ਸਨ। ਇਹੋ ਜਿਹੇ ਕਾਲੇ ਕਾਨੂੰਨ ਬੰਦ ਕਰਵਾਏ। ਕਿਉਂਕਿ ਸਫਾਈ ਕਰਮਚਾਰੀਆਂ ਦੀ ਹਾਲਤ ਅਛੂਤਾਂ ਨਾਲੋਂ ਵੀ ਬਹੁਤ ਨਫਰਤ ਭਰੀ ਤੇ ਭੈੜੀ ਸੀ। ਜਦਕਿ ਗਾਂਧੀ ਜੀ ਦੀ ਗੰਦਗੀ ਚੁੱਕਣ ਵਾਲਿਆਂ ਦੇ ਕੰਮ ਨੂੰ ਪੁੰਨ ਦਾ ਕੰਮ ਦ ਸਕੇ ਅਗਲੇ ਜਨਮ ਵਿਚ ਭੰਗੀ ਦੇ ਘਰ ਵਿਚ ਜਨਮ ਲੈਣ ਨੂੰ ਚੰਗਾ ਕਹਿੰਦੇ ਸਨ। ਡਾ. ਅੰਬੇਡਕਰ ਜੀ ਨੇ ਗਾਂਧੀ ਜੀ ਨੂੰ ਕਿਹਾ ਤੁਸੀਂ ਅਗਲੇ ਜਨਮ ਦੀ ਗੱਲ ਛੱਡੋ ਇਸੇ ਜਨਮ ਵਿਚ ਝਾੜੂ ਅਤੇ ਟੋਕਰੀ ਚੁੱਕੋ ਅਤੇ ਡਟ ਜਾਓ ਪੁੰਨ ਦੇ ਕੰਮ ਵਿਚ! ਡਾ. ਅੰਬੇਡਕਰ ਜੀ ਨੇ ਕੌਂਸਲ ਦੇ ਲੇਬਰ ਮੈਂਬਰ ਰਹਿੰਦੇ ਹੋਏ ਇਹਨਾਂ ਨੂੰ ਗੰਦੇ ਕੰਮਾਂ ਨੂੰ ਤਿਆਗਣ ਲਈ ਕਹਿੰਦੇ ਸਨ। ਦਿੱਲੀ ਰਹਿੰਦੇ ਹੋਏ ਸਭ ਤੋਂ ਪਹਿਲਾਂ ਸਫਾਈ ਕਰਮਚਾਰੀਆਂ ਲਈ ਸਫਾਈ ਮਜਦੂਰ ਸੰਗਠਨ, ਮੁਇਨਸਪਲ ਕਾਮਗਾਰ ਯੂਨੀਅਨ ਦੀ ਨੀਂਹ ਵੀ ਰੱਖੀ।

ਡਾ. ਅੰਬੇਡਕਰ ਜੀ ਨੇ ਕਿਹਾ ਸੀ ਕਿ ਭਾਰਤ ਵਿਚ ਸੱਚਾ ਅਤੇ ਸਹੀ ਲੋਕਤੰਤਰ ਕੇਵਲ ਗੈਰ ਬ੍ਰਾਹਮਣ ਪਾਰਟੀ ਦੇ ਹੱਥਾਂ ਵਿਚ ਹੀ ਸੁਰੱਖਿਅਤ ਰਹਿ ਸਕਦਾ ਹੈ। ਭਾਰਤ ਦੀ ਸਿਆਸਤ ਵਿਚ ਬ੍ਰਾਹਮਣਵਾਦ ਹੀ ਭਾਰੀ ਰਿਹਾ। ਬੜੇ ਬੜੇ ਅਹੁਦਿਆਂ ਉਪਰ ਜੱਜ, ਚਾਂਸਲਰ, ਮਨਿਸਟਰ, ਸੈਨਾਵਾਂ ਵਿਚ ਅਤੇ ਪ੍ਰਸ਼ਾਸਨ ਵਿਚ ਬ੍ਰਾਹਮਣਾਂ ਅਤੇ ਉੱਚੀਆਂ ਜਾਤਾਂ ਦਾ ਹੀ ਬੋਲਬਾਲ਼ਾ ਹੈ। ਭਾਜਪਾ ਦੁਨੀਆਂ ਦੀ ਸਭ ਤੋਂ ਵੱਧ ਭ੍ਰਿਸ਼ਟ ਰਾਜਨੀਤਿਕ ਪਾਰਟੀ ਹੈ। ਇਹ ਪ੍ਰਗਟਾਵਾ ਅਮਰੀਕਾ ਦੀ ਛੰ ਨੇ ਹੁਣੇ ਜਿਹੇ ਕੀਤਾ ਹੈ ਕਿਉਂਕਿ ਇਸ ਨੂੰ ਲਾਰਿਆਂ ਦੀ ਪਾਰਟੀ ਵੀ ਕਿਹਾ ਜਾ ਰਿਹਾ ਹੈ। ਇਸਲਈ ਗਰੀਬ ਹੋਰ ਗਰੀਬ ਹੋਇਆ ਅਤੇ ਅਮੀਰ ਹੋਰ ਅਮੀਰ। ਸਿੱਖਿਆ ਪ੍ਰਨਾਲੀ ਅਤੇ ਸਿਹਤ ਵਿਭਾਗ ਗਰੀਬ ਦੀ ਪਹੁੰਚ ਤੋਂ ਕੋਸਾਂ ਦੂਰ ਹੋ ਰਹੀ ਹੈ। ਅਮੀਰਾਂ ਦੇ ਤਾਂ ਇਸ ਸਰਕਾਰ ਨੇ ਕਰੋੜਾਂ ਰੁ. ਮੁਆਫ ਕਰ ਦਿੱਤੇ ਪਰ ਗਰੀਬ ਕਿਸਾਨ ਕਰਜੇ ਦੁਖੋਂ ਮਰ ਰਿਹਾ ਹੈ। ਅਧਿਆਪਕ, ਸਫਾਈ ਮਜਦੂਰ, ਆਂਗਨਵਾੜੀ ਵਰਕਰ, ਹੋਮਗਾਰਡੀਏ, ਨਰਸਾਂ ਸ਼ਾਂਤਮਈ ਧਰਨਾ ਕਰਦੀਆਂ ਉਪਰ ਪੁਲਿਸ ਡੰਡੇ ਵਰਸਾਉਂਦੀ ਹੈ ਕਿਉਂਕਿ ਇਹ ਲੋਕ ਤਨਖਾਹ ਵਧਾਉਣ ਅਤੇ ਪੱਕੇ ਹੋਣ ਲਈ ਸਰਕਾਰ ਨੇ ਜੋ ਵਾਇਦੇ ਕੀਤੇ ਸਨ ਯਾਦ ਕਰਵਾਉਂਦੇ ਹਨ। ਪਰ ਸਰਕਾਰਾਂ? ਚੋਣਾਂ ਵੇਲੇ ਸਰਕਾਰਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਵੇਂ ਕ ਸ੍ਰੀ ਰਾਮ ਮੰਦਰ ਅਯੁੱਧਿਆ ਦਾ ਮੁੱਦਾ, ਜਦਕਿ ਇਸ ਸਾਸ਼ਨ ਉਪਰ ਪਹਿਲਾ ਯੁੱਧ ਸੀ ਫਿਰ ਮਸਜਿਦ ਅਤੇ ਹੁਣ ਰਾਮ ਮੰਦਰ। ਭੜਕਾ ਕੇ ਆਪਣਾ ਉੱਲੂ ਸਿੱਧਾ ਕਰਦੇ ਆਏ ਹਨ। ਇਹਨਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।


ਸੋਹਣ ਲਾਲ ਸਾਂਪਲਾ
49-15218371169

ਡਾ. ਅੰਬੇਡਕਰ ਜੀ ਨੇ 1935 ਵਿਚ ਮਹਾਰਾਸ਼ਟਰ ਦੇ ਜਿਲ੍ਹਾ ਨਾਸਿਕ ਦੇ ਨਗਰ ਯੇਵਲਾ ਕਾਨਫਰੰਸ ਵਿਚ ਕਿਹਾ ਸੀ ਕਿ ਮੈਂ ਹਿੰਦੂ ਧਰਮ ਵਿਚ ਪੈਦਾ ਹੋਇਆ ਹਾਂ ਪਰ ਮੈਂ ਇਸ ਧਰਮ ਵਿਚ ਮਰੂੰਗਾ ਨਹੀਂ ਇਹ ਮੇਰੇ ਵਸ ਦੀ ਗੱਲ ਹੈ ਤਾਂ ਇਹਨੀ ਇਹ ਗਲ 14 ਅਕਤੂਬਰ 1956 ਨੂੰ ਪੰਜ ਲੱਖ ਲੋਕਾਂ ਨਾਲ ਨਾਗਪੁਰ ਵਿਖੇ ਬੁੱਧ ਧਰਮ ਅਪਨਾ ਕੇ ਸੱਚੀ ਇਕ ਮਿਸਾਲ ਪੈਦਾ ਕਰ ਦਿੱਤੀ। ਹਰ ਸਾਲ ਇਸੇ ਮਹੀਨੇ ਲੋਕੀਂ ਬੁੱਧ ਧਰਮ ਅਪਣਾਉਂਦੇ ਹਨ। ਕਾਨਪੁਰ ਵਿਖੇ ਦਸ ਹਜਾਰ ਅਤੇ ਦੇਸ਼ ਦੇ ਚੌਂਕੀਦਾਰ ਦੇ ਗੁਜਰਾਤ ਵਿਚ ਚੂਨਾਗੜ੍ਹ ਵਿਖੇ ਅੱਸੀ ਹਜਾਰ ਲੋਕਾਂ ਨੇ ਬੁੱਧ ਧਰਮ ਅਪਣਾਇਆ। ਡਾ. ਅੰਬੇਡਕਰ ਜੀ ਦਾ ਭਾਰਤੀ ਸੰਵਿਧਾਨ ਬਣਾਉਣ ਵਿਚ ਕਾਫੀ ਯੋਗਦਾਨ ਹੋਣ ਕਰਕੇ ਸਿਹਤ ਕਾਫੀ ਖਰਾਬ ਰਹਿਣ ਲੱਗ ਪਈ ਸੀ। ਡਾ. ਦੀ ਸਲਾਹ ਆਰਾਮ ਕਰਨ ਦੀ ਸੀ ਫਿਰ ਵੀ ਡਾ. ਸਾਹਿਬ ਜੀ ਆਪਣੇ ਲੋਕਾਂ ਵਾਸਤੇ ਕਾਫੀ ਡੂੰਘਾਈ ਨਾਲ ਸੋਚਿਆ ਕਰਦੇ ਸਨ। ਆਖੀਰ ਵਿਚ ਆਪਣੀ ਕਿਤਾਬ ਬੁੱਧਾ ਇੰਝ ਧੰਮਾ ਦਾ ਆਖਰੀ ਸਫਾ ਲਿਖ ਕੇ ਛੇ ਸਤੰਬਰ 1956 ਨੂੰ ਆਪਣੇ ਲੱਖਾਂ ਸ਼ਰਧਾਲੂਆਂ ਨੂੰ ਛੱਡ ਇਸ ਫਾਨੀ ਦੁਨੀਆਂ ਤੋਂ ਚਲੇ ਗਏ। ਸਾਰੇ ਦੇਸ਼ ਵਿਚ ਸੋਗ ਦੀ ਲਹਿਰ ਦੌੜ ਗਈ। ਭਾਰਤ ਦੇ ਸਾਰੇ ਸਿਰ ਕੱਢ ਲੀਡਰਾਂ ਨੇ ਸੋਗ ਪ੍ਰਗਟ ਕੀਤਾ ਅਤੇ ਇਹਨਾਂ ਦੇ ਦੇਸ਼ ਲਈ ਅਤੇ ਦੇਸ ਵਾਸੀਆਂ ਲਈ ਕੀਤੇ ਕੰਮਾਂ ਦੀ ਸ਼ਾਲਾਘਾ ਕੀਤੀ। ਦੇਸ਼ ਵਿਦੇਸ਼ ਵਿਚ ਲੋਕ ਇਹਨਾਂ ਦੇ ਮਿਸ਼ਨ ਨੂੰ ਅਪਣਾ ਰਹੇ ਹਨ। ਡਾ. ਅੰਬੇਡਕਰ ਜੀ ਨੇ ਸਿਆਸੀ ਰਿਜ਼ਰਵੇਸ਼ਨ 30 ਸਿਤੰਬਰ 1956 ਨੂੰ ਖਤਮ ਕਰਨ ਦੀ ਮੰਗ ਕੀਤੀ ਸੀ ਕਿਉਂਕਿ ਇਹ 131 ਸੰਸਦ ਮੈਂਬਰ ਅਤੇ 1100 ਵਿਧਾਇਕ ਹੱਥ ਖੜ੍ਹੇ ਕਰਨ ਵਾਲੇ ਜਾਂ ਉੱਚੀ ਜਾਤੀ ਦੇ ਲੀਡਰਾਂ ਦੇ ਗੁਲਾਮ ਬਣ ਕੇ ਰਹਿ ਗਏ। ਜਦਕਿ 50 ਸੰਸਦਾਂ ਨੂੰ ਲੈ ਕੇ ਚੰਦਰ ਸ਼ੇਖਰ ਪ੍ਰਧਾਨ ਮੰਤਰੀ ਬਣ ਗਿਆ ਸੀ। ਇਸ ਲਈ ਘੱਟ ਗਿਣਤੀ ਉਹ ਆਪਣੇ ਹੱਕਾਂ ਨੂੰ ਲੈ ਕੇ ਇਕੱਠੇ ਹੋ ਕੇ ਭਾਰਤੀ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਲਾਗੂ ਕਰਵਾਈਏ ਇਹ ਤਾਂ ਹੀ ਹੋ ਸਕਦਾ ਹੈ ਅਗਰ ਆਪਣੀ ਸਰਕਾਰ ਬਣੇ ਵੋਟ ਤੁਹਾਡੇ ਹੱਥ ਵਿਚ ਹੈ ਅਤੇ ਫੈਸਲਾ ਵੀ ਸਹੀ ਕਰੋ ਜਿਸ ਨਾਲ ਸਭ ਦਾ ਭਲਾ ਹੋਵੇਗਾ ਇਹੋ ਹੀ ਡਾ. ਅੰਬੇਡਕਰ ਜੀ ਨੂੰ ਸੱਚੀ ਸ਼ਰਧਾਂਜਲੀ ਵੀ ਹੋਵੇਗੀ।

**ਜੈ ਭੀਮ ਜੈ ਭਾਰਤ**

# ਖਾਲਸਾ ਦੇ ਸਿਰਜਣਾ ਦਿਵਸ ਵਿਸਾਖੀ ਦੇ ਵਿਚਾਰਕ ਦਿਹਾੜੇ 'ਤੇ ਭਾਰਤ ਰਤਨ ਡਾ.ਭੀਮ ਰਾਉ ਅੰਬੇਡਕਰ ਜੀ ਦੀ ਸੋਚ ਦੀ ਸਾਰਥਿਕਤਾ

**ਸੋਹਣ ਲਾਲ ਸਾਂਪਲਾ**

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਦੱਬੇ ਕੁਚਲੇ ਲੋਕਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਅਛੂਤਾਂ ਨੂੰ ਨਵੀਂ ਪਛਾਣ ਦੇ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ।ਖਾਲਸੇ ਦੀ ਸਾਜਨਾ ਨਾਲ ਉਸ ਸਮੇਂ ਦੇ ਬ੍ਰਾਹਮਣਵਾਦੀ ਪਹਾੜੀ ਰਾਜੇ ਅਤੇ ਇਸਲਾਮ ਦੀ ਕੱਟੜਤਾ ਤੇ ਜੁਲਮਾਂ ਦੇ ਵਿਰੁਧ ਗਰੀਬ ਮਜ਼ਲੂਮਾਂ ਦੀ ਰੱਖਿਆ ਕਰਨੀ ਸੀ।ਖਾਲਸੇ ਦੇ ਬਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਛੂਤਾਂ ਨੂੰ ਖਾਲਸੇ ਦਾ ਰੂਪ ਦਿੱਤਾ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਹੀ ਪੰਜ ਸਿੰਘਾਂ ਕੋਲੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਆਪ ਵੀ ਖਾਲਸੇ ਪੰਥ ਦੇ ਸੇਵਾਦਾਰ ਬਣੇ। ਇਤਿਹਾਸਕਾਰ ਦੱਸਦੇ ਹਨ ਕਿ ਇਹ ਸ਼ਬਦ ਉਸ ਸ਼ੁੱਭ ਸਮੇਂ ਤੇ ਉਚਾਰਣ ਕੀਤਾ ਗਿਆ ਸੀ ਉ ਵਾਹੇ-ਵਾਹੇ ਗੁਰੂ ਗੋਬਿੰਦ ਸਿੰਘ ਆਪੇ ਗੁਰੂ ਚੇਲਾ" ਜੋ ਖਾਲਸਾ ਇਤਿਹਾਸ ਦੀ ਪਹਿਲੀ ਕੜ੍ਹੀ ਬਣੀ ਸੀ।ਅਤੇ ਅੱਜ ਤੱਕ ਦੂਜੀ ਕੜ੍ਹੀ ਨਹੀ ਬਣ ਸਕੀ ਕਿਉਂਕਿ ਪੰਜਾਬ ਦੇ ਬ੍ਰਾਹਮਣਵਾਦੀ ਜੱਟਾਂ ਨੇ ਸਿੱਖ ਧਰਮ ਤੇ ਪੂਰਾ ਕਬਜ਼ਾ ਕੀਤਾ ਹੋਇਆ ਹੈ।ਜਿਸਦਾ ਰਾਜਨੀਤਕ ਫਾਇਦਾ ਇਹ ਲੋਕ ਲੈ ਰਹੇ ਹਨ ਅਤੇ ਭਾਰਤ ਦੇ ਅਛੂਤ ਲੋਕ ਜੋ ਸਿੱਖੀ ਦੀ ਰੀੜ ਦੀ ਹੱਡੀ ਹਨ। ਉਨਾਂ ਨੂੰ ਗੁਲਾਮ ਤੇ ਸੀਰੀ ਤੱਕ ਹੀ ਸੀਮਤ ਕੀਤਾ ਹੋਇਆ ਹੈ "ਖਾਲਸੇ ਦੀ ਅਰਦਾਸ" ਵਿੱਚ ਜੋ ਸ਼ਹੀਦੀਆਂ ਦਾ ਜਿਕਰ ਆਉਦਾ ਹੈ ਉ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ ਚਰੜਖੀਆਂ ਤੇ ਚੜੇ " ਉਹ ਸਾਰੇ ਸ਼ਬਦ ਤਕਰੀਬਨ ਇਨਾਂ ਅਛੂਤਾਂ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਹੀ ਸੰਬੋਧਨ ਕੀਤੇ ਜਾਂਦੇ ਹਨ।

ਪੰਜਾਬ ਦੇ ਬ੍ਰਾਹਮਣਵਾਦੀ ਜੱਟ ਅਕਸਰ ਇਨਾਂ ਅਛੁਤਾਂ ਨੂੰ ਖਾਲਸਾ ਜਾਂ ਫਿਰ ਮਜ਼ਬੀ ਸਿੰਘ, ਰਵਿਦਾਸੀਆ ਸਿੰਘ ਜਾਂ ਹੋਰ ਸਿੰਘ ਸੰਬੋਧਨ ਕਰਕੇ ਬੁਲਾਉਂਦੇ ਹਨ ਜੋ ਕਿ ਇੱਕ ਇਨ੍ਹਾਂ ਅਛੂਤ ਲੋਕਾਂ ਦੀ ਜਾਤੀ ਪਹਿਚਾਣ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਪਰ ਮੰਨੂਵਾਦੀ ਲੋਕ ਆਪਣੇ ਨਾਵਾਂ ਪਿਛੇ ਬਰਾੜ ਅਤੇ ਗਿੱਲ ਆਦਿ ਲਗਾਉਂਦੇ ਹਨ, ਪਰ ਕਿਉਂ ? ਜੇਕਰ ਤੁਸੀ ਗੁਰੂ ਦੇ ਸਿੰਘ ਹੋ ਤਾਂ ਅਜਿਹਾ ਕਿਉਂ? ਪਰ ਇਹ ਬੇ-ਸਮਝ ਲੋਕ ਇਸ ਵੱਲ ਧਿਆਨ ਨਹੀਂ ਦੇ ਰਹੇ ਕਿ ਜਦੋਂ ਉਨਾਂ ਨੇ ਹੀ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕਿਆ ਸੀ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਤੋਂ ਜਾਤ-ਪਾਤ ਰਹਿਤ ਹੋ ਗਏ ਸਨ ਤੇ ਉਨਾਂ ਨੇ ਇਹ ਮਰਿਯਾਦਾ ਬਣਾਈ ਰੱਖੀ ਸੀ ਭਾਵੇਂ ਉਨਾਂ ਨੂੰ ਬ੍ਰਾਹਮਣਵਾਦੀ ਪਹਾੜੀ ਤੇ ਇਸਲਾਮੀ ਰਾਜਿਆਂ ਦੀ ਇਸੇ ਕਰਕੇ ਹੀ ਦੁਸ਼ਮਣੀ ਸਹਿਣੀ ਪਈ ਸੀ।

ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਅੰਤਲੇ ਸਮੇਂ ਵਿੱਚ ਇਹ ਸ਼ਬਦ ਉਚਾਰਣ ਕੀਤਾ ਸੀ ਕਿ "ਗੁਰੂ ਮਾਨਿਉ ਗ੍ਰੰਥ ਪ੍ਰਗਟ ਗੁਰਾਂ ਦੀ ਦੇਹ" ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਅਧੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਸਾਰੇ ਭਗਤ, ਭੱਟ ਤੇ ਹੋਰ ਵੀ ਸਾਰੇ ਗੁਰੂ ਹੀ ਹਨ ਪਰ ਫਿਰ ਵੀ ਅਖੌਤੀ ਉਚੀਆਂ ਜਾਤਾਂ ਵਾਲੇ ਲੋਕ ਭਗਤਾਂ ਨੂੰ ਗੁਰੂ ਨਹੀਂ ਮੰਨਦੇ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਤੋਂ ਉਲਟ ਚੱਲ ਰਹੇ ਹਨ। ਅਜਿਹਾ ਵੀ ਦੇਖਣ ਨੂੰ ਆਉਂਦਾ ਹੈ ਕਿ ਕਈ ਲੋਕ ਸਮਝਦੇ ਹਨ ਕਿ ਸ਼੍ਰੀ ਗੁਰੂ ਰਵਿਦਾਸ ਸਭਾ ਵਿੱਚ ਬਿਰਾਜਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਰਵਿਦਾਸੀਆ ਦਾ ਹੀ ਹੈ ਤੇ ਬਹੁਤ ਸਾਰੇ ਮੰਨੂਵਾਦੀ ਲੋਕ ਇਥੇ ਨਤਮੱਸਤਕ ਵੀ ਨਹੀ ਹੁੰਦੇ।

ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂਆਂ ਨੇ ਬ੍ਰਹਾਮਣਵਾਦੀ ਸੋਚ ਨੂੰ ਖ਼ਤਮ ਕਰਕੇ ਖਾਲਸੇ ਦੀ ਸਿਰਜਨਾ ਕੀਤੀ ਸੀ ਤੇ ਜਾਤ-ਪਾਤ ਨੂੰ ਤੋੜਿਆ ਤੇ ਔਰਤਾਂ ਦਾ ਸਤਿਕਾਰ ਬਹਾਲ ਕੀਤਾ ਸੀ ਪਰ ਬ੍ਰਹਾਮਣਵਾਦੀ ਤਾਕਤਾਂ ਲਗਾਤਾਰ ਗੁਰੂਆਂ ਦੀ ਫਿਲਾਸਫੀ ਨੂੰ ਘਾਤ ਲਗਾਉਂਦੀਆਂ ਰਹੀਆਂ ਹਨ ਤੇ ਅੱਜ ਦੇ ਸਮੇਂ ਵਿੱਚ ਵੀ ਲਗਾ ਰਹੀਆਂ ਹਨ। ਸਮੂਹ ਗੁਰੂਆਂ ਦੀ ਵਿਚਾਰਧਾਰਾ ਨੂੰ ਭਾਰਤ ਰਤਨ ਡਾ. ਭੀਮ ਰਾਉ ਅੰਬੇਡਕਰ ਜੀ ਨੇ ਵੀ ਆਪਣੀ ਜ਼ਿੰਦਗੀ ਵਿੱਚ ਬ੍ਰਹਮਣਵਾਦ ਦੇ ਖਿਲਾਫ ਜਦੋ-ਜਹਿਦ ਲਈ ਵਰਤਿਆ ਤੇ ਆਪਣੀ ਕਲਮ ਦੀ ਇੱਕ ਸਟਰੋਕ ਨਾਲ ਭਾਰਤੀ ਸੰਵਿਧਾਨ ਰਾਹੀਂ ਗੁਰੂਆਂ ਦੀ ਸਮਾਜਿਕ ਫਿਲਾਸਫੀ ਨੂੰ ਕਾਨੂੰਨ ਰਾਹੀਂ ਸੁਰੱਖਿਆ ਪ੍ਰਦਾਨ ਕੀਤੀ ਸੀ ਅਤੇ ਆਪਜੀ ਨੇ ਜਾਤ-ਪਾਤ ਨੂੰ ਤੋੜਨ ਵਾਸਤੇ ਇੱਕ ਬ੍ਰਹਮਣ ਔਰਤ (ਸਵਿਤਰੀ ਦੇਵੀ) ਨਾਲ ਦੂਜਾ ਵਿਆਹ ਕੀਤਾ ਸੀ ।

ਡਾ. ਭੀਮ ਰਾਉ ਅੰਬੇਡਕਰ ਜੀ ਦੀ ਵਿਚਾਰਧਾਰਾ ਦੀ ਕੜ੍ਹੀ ਨੂੰ ਜੋੜਨ ਵਾਸਤੇ ਉਨਾਂ ਦੇ ਜੀਵਨ ਨੂੰ ਜਾਨਣ ਦੀ ਲੋੜ ਹੈ ਕਿਉਂਕਿ ਉਨਾਂ ਦੀ ਵਿਚਾਰਧਾਰਾ ਸਰਬਜਨਕ ਭਾਰਤੀ ਲੋਕਾਂ ਵਾਸਤੇ ਹੈ। ਡਾ. ਭੀਮ ਰਾਉ ਅੰਬੇਡਕਰ ਆਪਣੇ ਸਮੇਂ ਵਿੱਚ ਪੂਰੇ ਏਸ਼ੀਆ ਚੋਂ ਸੱਭ ਤੋਂ ਵੱਧ ਪੜੇ ਲਿਖੇ ਵਿਦਵਾਨ ਮੰਨੇ ਜਾਂਦੇ ਸਨ ਜੋ ਕਿ ਆਪਣੇ ਮਾਤਾ ਪਿਤਾ ਜੀ ਦੀ 14 ਵੀਂ ਸੰਤਾਨ ਸਨ। ਉਨਾਂ ਦੀ ਸੋਚ ਅਗਾਂਹ-ਵੱਧੂ ਸੀ ਜਿਸਦੇ ਅਧੀਨ ਉਨਾਂ ਨੇ ਸਾਰੇ ਭਾਰਤੀ ਅਤੇ ਵਿਸ਼ੇਸ਼ ਕਰਕੇ ਔਰਤਾਂ ਅਤੇ ਦਲਿਤ ਸਮਾਜ ਦੇ ਹੱਕਾਂ ਵਾਸਤੇ ਆਪਣੀ ਅਵਾਜ਼ ਬੁਲੰਦ ਕੀਤੀ। ਉਹ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਸਨ।

ਡਾ. ਭੀਮ ਰਾਉ ਅੰਬੇਡਕਰ ਜੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਗਏ ਤੇ ਉਥੋਂ ਦੇ ਦੇਸ਼ਾਂ ਦੀ ਰਹਿਣੀ-ਬਹਿਣੀ ਤੇ ਉਨਾਂ ਦੇ ਕਲਚਰ ਨੂੰ ਜਾਨਣ ਦਾ ਮੌਕਾ ਮਿਲਿਆ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਅਮਰੀਕਾ ਦੀ ਕੋਲੰਬੀਆ ਯੂਨੀਵਰਿਸਟੀ ਨਿਊਯਾਰਕ ਤੋਂ 1917 ਵਿੱਚ ਪੀ.ਐਚ.ਡੀ ਦੀ ਡਿਗਰੀ ਪ੍ਰਾਪਤ ਕੀਤੀ ਤੇ 1923 ਵਿੱਚ ਉਨਾਂ ਨੇ ਯੂ.ਕੇ. ਤੋਂ ਡੀ.ਐਸੀ.ਸੀ. ਤੇ ਬੈਰਿਸਟ੍ਰੀ ਡਿਗਰੀਆਂ ਪਾਸ ਕੀਤੀਆਂ। ਏਸ਼ੀਆ ਦੀ ਸੱਭ ਤੋਂ ਵੱਡੀ ਲਾਇਬ੍ਰੇਰੀ ਉਨਾਂ ਦੇ ਘਰ ਵਿੱਚ ਹੀ ਸੀ ਕਿਉਂਕੇ ਬਾਬਾ ਸਹਿਬ ਜੀ ਕਿਤਾਬਾਂ ਨੂੰ ਬਹੁਤ ਪਿਆਰ ਕਰਦੇ ਸਨ। ਅੱਜ ਦੇ ਸਮੇਂ ਅਨੁਸਾਰ ਜੋ ਭਾਰਤ ਦਾ ਸੰਵਿਧਾਨ ਉਨਾਂ ਵਲੋਂ ਲਿਖਿਆ ਗਿਆ ਸੀ, ਸੰਸਾਰ ਦੀ ਜਾਣਕਾਰੀ ਰਖਣ ਵਾਲੇ ਲੋਕ ਭਾਰਤੀ ਸੰਵਿਧਾਨ ਨੂੰ ਇੰਸਾਨੀਅਤ ਦਾ ਰੱਖਿਅਕ ਸੰਵਿਧਾਨ ਮੰਨਦੇ ਹਨ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਬੇਗਿਣਤ ਕਿਤਾਬਾਂ ਦਾ ਅਧਿਅਨ ਕਰਨ ਤੋਂ ਬਾਅਦ ਭਾਰਤੀ ਸੰਵਿਧਾਨ ਨੂੰ ਲਿਖਿਆ ਸੀ। ਭਾਰਤ ਦੇ ਮੰਨੂੰਵਾਦੀ ਲੋਕ ਇਸ ਸੰਵਿਧਾਨ ਨੂੰ ਬਦਲਣ ਵਾਸਤੇ ਆਪਣੇ ਸਾਰੇ ਯਤਨ ਕਰ ਰਹੇ ਹਨ। ਕਿਉਂਕਿ ਇਸੇ ਹੀ ਸੰਵਿਧਾਨ ਨੇ ਹਿੰਦੂਆਂ ਦੇ ਮੰਨੂਸਿਮ੍ਰਤੀ ਗ੍ਰੰਥ ਨੂੰ ਖ਼ਤਮ ਕੀਤਾ ਸੀ ਅਤੇ ਸਾਰੇ ਭਾਰਤੀਆਂ ਨੂੰ ਧਾਰਮਿਕ, ਆਰਥਿਕਤਾ, ਰਾਜਨੀਤਕ ਤੇ ਵਿਦਿਆ ਗ੍ਰਹਿਣ ਕਰਨ ਦੀ ਆਜ਼ਾਦੀ ਦਿਵਾਈ ਸੀ। ਡਾ. ਭੀਮ ਰਾਉ ਅੰਬੇਡਕਰ ਇੱਕ ਡੂੰਘੀ ਸੋਚ ਰੱਖਣ ਵਾਲੇ ਭਾਰਤੀ ਵਿਦਵਾਨ ਸਨ ਜਿਨਾਂ ਦੀ ਅਗਾਂਹਵੱਧੂ ਸੋਚ ਅਧੀਨ ਭਾਰਤੀ ਰਿਜ਼ਰਵ ਬੈਂਕ ਦੀ ਨੀਂਹ ਰਖੀ ਗਈ ਸੀ। ਭਾਰਤੀ ਖੇਤੀਬਾੜੀ ਉਦਯੋਗ ਵਾਸਤੇ ਪਾਣੀਆਂ ਦੇ ਵਿਸਥਾਰ ਅਧੀਨ ਦਮੋਦਰ ਮਹਾਂਨਦੀ, ਸੋਨਘਾਟੀ, ਹੀਰਾ ਕੁੰਡ ਡੈਮ, ਬੰਦਰਾ ਬੰਧ ਤੇ ਭਾਖੜਾ ਡੈਮ ਦੀ ਉਸਾਰੀ ਮਲਟੀਪ੍ਰੋਜੈਕਟ ਦੇ ਅਧੀਨ ਕਰਵਾਈ ਸੀ ਤੇ ਬਿਜਲੀ ਗਰਿਡ ਸੱਬ ਸਟੇਸ਼ਨਾਂ ਦਾ ਨਿਰਮਾਣ ਵੀ ਕਰਵਾਇਆ ਸੀ।ਡਾ. ਭੀਮ ਰਾਉ ਅੰਬੇਡਕਰ ਜੀ ਨੇ ਮਿੱਲ ਮਜ਼ਦੂਰਾਂ ਨੂੰ ਸਮਾਂਬੱਧ ਮਜ਼ਦੂਰੀ ਦਾ ਅਧਿਕਾਰ, ਮਜ਼ਦੂਰੀ ਬੀਮਾ ਯੋਜਨਾ ਦਾ ਅਧਿਕਾਰ ਦਿਵਾਇਆ ਸੀ। ਉਨਾਂ ਨੇ 22, ਜੁਲਾਈ 1947 ਨੂੰ ਝੰਡਾ ਕਮੇਟੀ ਅਧੀਨ ਭਾਰਤੀ ਝੰਡੇ ਵਿੱਚ ਸਮਰਾਟ ਅਸ਼ੋਕ ਦਾ "ਅਸ਼ੋਕ ਚੱਕਰ" ਪਾਇਆ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਤੋਂ ਭਾਰਤ ਦਾ ਪਲੈਨਿੰਗ ਮਹਿਕਮਾ ਮੰਗਦੇ ਸਨ ਕਿਉਂਕਿ ਕਿਸੇ ਵੀ ਦੇਸ਼ ਦੀ ਤਰੱਕੀ ਉਦਯੋਗਾਂ ਦੇ ਪਲਾਇਨ 'ਤੇ ਨਿਰਭਰ ਕਰਦੀ ਹੈ। ਪਰ ਪੰਡਤ ਨਹਿਰੂ ਨੇ ਉਨਾਂ ਨੂੰ ਕਾਨੂੰਨ ਮੰਤਰੀ ਹੀ ਬਣਾਇਆ ਸੀ।

ਡਾ. ਭੀਮ ਰਾਉ ਅੰਬੇਡਕਰ ਜੀ ਨੇ ਦਲਿਤਾਂ ਵਾਸਤੇ ਬ੍ਰਿਟ੍ਰਿਸ਼ ਸਰਕਾਰ ਤੋਂ ਦੋਹਰੀ ਵੋਟ ਦਾ ਅਧਿਕਾਰ ਲਿਆ ਸੀ ਕਿਉਂਕਿ ਇਸ ਅਧਿਕਾਰ ਰਾਹੀਂ ਭਾਰਤ ਵਿੱਚ ਦਲਿਤ ਅਜ਼ਾਦੀ ਨਾਲ ਰਹਿ ਸਕਦੇ ਸਨ। ਪਰ ਮੋਹਨਦਾਸ ਕਰਮਚੰਦ ਗਾਂਧੀ ਨੇ ਦਲਿਤਾਂ ਦਾ ਇਹ ਹੱਕ ਖੋ-ਲਿਆ ਸੀ ਤੇ ਰਾਜਨੀਤਕ ਸਮਝੌਤਾ ਮਜ਼ਬੂਰੀ ਵਿੱਚ ਕੀਤਾ ਗਿਆ ਸੀ ਤੇ ਜਿਸ ਨੂੰ ਪੂਨਾ ਪੈਕਟ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਇਸੇ ਸਮਝੌਤੇ ਅਧੀਨ ਦਲਿਤ ਰਾਜਨੀਤਕ ਲੀਡਰਾਂ ਦੀ ਗੁਲਾਮੀ ਵੀ ਸਾਡੇ ਸਮਾਜ ਨੂੰ ਅੱਜ ਢਾਹ ਲਾ ਰਹੀ ਹੈ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਆਪਣੀ ਜ਼ਿੰਦਗੀ ਵਿੱਚ ਮਾਰਚ 30,1927 ਨੂੰ ਮਹਾਦ ਤਲਾਬ ਵਿਚੋਂ

**(ਬਾਕੀ ਅਗਲੇ ਸਫੇ 'ਤੇ)**

# ਕਿਸ ਨੂੰ ਪਾਈਏ ਵੋਟ, ਕਿਸ ਨੂੰ ਨਾ ਪਾਈਏ

**ਭਾਸ਼ਣਾਂ 'ਚ ਨਵੇਂ ਵਾਅਦੇ ਕੀਤੇ ਜਾ ਰਹੇ ਹਨ, ਜਿਹੜੇ ਲੋਕਾਂ ਨੂੰ ਭਰਮਾਉਂਦੇ ਵੀ ਹਨ ਤੇ ਆਪਣੇ ਵੱਲ ਖਿੱਚਦੇ ਵੀ। ਨਵੇਂ ਵਾਅਦਿਆਂ ਨੂੰ ਸੁਣਦੇ ਹੋਏ ਲੋਕ ਪਿਛਲੀ ਚੋਣ ਸਮੇਂ ਕੀਤੇ ਵਾਅਦਿਆਂ ਨੂੰ ਨਹੀਂ ਭੁੱਲਦੇ। ਨੇਤਾ ਕਿਸੇ ਕਿਸਮ ਦੀ ਸ਼ਰਮ ਮਹਿਸੂਸ ਨਾ ਕਰਦੇ ਹੋਏ ਨਵੇਂ ਵਾਅਦੇ ਕਰਨ ਲੱਗ ਪਏ। ਲੋਕ ਅਜੇ ਤੱਕ ਖਾਤਿਆਂ ਵਿੱਚ ਆਉਣ ਵਾਲੇ ਪੰਦਰਾਂ ਲੱਖ ਉਡੀਕ ਰਹੇ ਹਨ ਅਤੇ ਕਾਲੇ ਧਨ ਦੀ ਦੇਸ਼ ਵਾਪਸੀ ਵੀ। ਦੋ ਕਰੋੜ ਨੌਕਰੀਆਂ ਇੱਕ ਸਾਲ ਵਿੱਚ ਤਾਂ ਕੀ, ਪੰਜ ਸਾਲ ਵਿੱਚ ਵੀ ਨਹੀਂ ਮਿਲੀਆਂ। ਭ੍ਰਿਸ਼ਟਾਚਾਰ ਘਟਣ ਦੀ ਇੰਤਜ਼ਾਰ ਸੀ, ਪਰ ਉਹ ਤਾਂ ਏਨਾ ਵਧ ਗਿਆ ਕਿ ਬੈਂਕਾਂ ਦਾ ਧਨ ਬਾਹਰ ਚਲਾ ਗਿਆ। ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਬਹੁਤ ਹੀ ਜ਼ਿਆਦਾ ਵਾਧਾ ਹੋ ਗਿਆ। ਬਹੁਤੇ ਨੌਜਵਾਨ ਮਜਬੂਰੀ ਵਿੱਚ ਦੂਜੇ ਮੁਲਕਾਂ ਵੱਲ ਤੁਰ ਪਏ, ਕਿਉਂਕਿ ਆਪਣੇ ਇਸ ਮੁਲਕ ਵਿੱਚ ਅਜਿਹਾ ਸਿਸਟਮ ਨਹੀਂ ਬਣਾਇਆ ਜਾ ਸਕਿਆ, ਜਿਸ ਅਧੀਨ ਨੌਕਰੀਆਂ ਪੈਦਾ ਹੋ ਜਾਂਦੀਆਂ।**

ਅੰਗ-ਸੰਗ



ਸ਼ਾਮ ਸਿੰਘ
98141-13338

ਲੋਕਤੰਤਰ ਵਿੱਚ ਵੋਟ ਦੀ ਬਹੁਤ ਹੀ ਅਹਿਮੀਅਤ ਹੈ, ਜਿਸ ਨਾਲ ਉਹ ਨੁਮਾਇੰਦੇ ਚੁਣੇ ਜਾਣੇ ਹੁੰਦੇ ਹਨ, ਜਿਨ੍ਹਾਂ ਨੇ ਦੇਸ਼ ਦੀ ਦਸ਼ਾ ਵੀ ਬਦਲਣੀ ਹੁੰਦੀ ਹੈ ਅਤੇ ਦਿਸ਼ਾ ਵੀ। ਜੇ ਚੰਗੇ ਨੁਮਾਇੰਦਿਆਂ ਨੂੰ ਵੋਟ ਮਿਲਦੀ ਹੈ ਤਾਂ ਉਹ ਦੇਸ਼ ਹਿਤ ਵਿੱਚ ਕੰਮ ਕਰਕੇ ਮੁਲਕ ਦਾ ਮੂੰਹ-ਮੱਥਾ ਵੀ ਸੰਵਾਰ ਦੇਣਗੇ ਅਤੇ ਲੋਕਾਂ ਦਾ ਵੀ।

ਪੰਜ ਵਰ੍ਹਿਆਂ ਬਾਅਦ ਜਦ ਦੇਸ਼ ਦੀਆਂ ਚੋਣਾਂ ਦਾ ਵਕਤ ਆਉਂਦਾ ਹੈ ਤਾਂ ਭਾਸ਼ਣਾਂ ਦਾ ਅਜਿਹਾ ਸ਼ੋਰ ਮਚਦਾ ਹੈ, ਜਿਸ ਵਿੱਚ ਵਾਅਦਿਆਂ ਦੇ ਛੈਣੇ ਵਜਾਏ ਜਾਂਦੇ ਹਨ ਅਤੇ ਲਾਰਿਆਂ ਦੇ ਘੁੰਗਰੂ ਛਣਕਦੇ ਹਨ। ਲੋਕ ਉਨ੍ਹਾਂ ਦੀ ਸਹਿਜ ਜਹੀ ਆਵਾਜ਼ ਨਾਲ ਮੋਹੇ ਜਾਂਦੇ ਹਨ ਤੇ ਏਦਾਂ ਹੀ ਵੋਟ ਦਾ ਇਸਤੇਮਾਲ ਹੋ ਜਾਂਦੈ।

ਹੁਣ ਫੇਰ ਮੁਲਕ ਦੇ ਲੋਕਾਂ ਲਈ ਇਮਤਿਹਾਨ ਆ ਗਿਆ ਹੈ, ਜਿਸ ਵਿੱਚ ਮੁੱਖ ਪ੍ਰਸ਼ਨ ਇਹੀ ਹੈ ਕਿ ਵੋਟ ਕਿਸ ਨੂੰ ਪਾਈਏ, ਕਿਸ ਨੂੰ ਨਾ ਪਾਈਏ। ਇਸ ਪ੍ਰਸ਼ਨ ਦਾ ਜਵਾਬ ਦੇਣਾ ਏਨਾ ਆਸਾਨ ਨਹੀਂ, ਕਿਉਂਕਿ ਹਰੇਕ ਸਿਆਸੀ ਪਾਰਟੀ ਵੱਲੋਂ ਕੀਤੇ ਕੰਮ ਵੀ ਦੇਖਣੇ ਪੈਣਗੇ ਅਤੇ ਪ੍ਰਤੀਨਿਧਾਂ ਵੱਲੋਂ ਵੀ।

ਜਿਸ ਪਾਰਟੀ ਨੇ ਲੋਕ ਹਿੱਤ ਦੇ ਕੰਮ ਕੀਤੇ ਹੋਣ ਅਤੇ ਮੁਲਕ ਨੂੰ ਵਿਕਾਸ ਦੇ ਰਾਹ ਉੱਤੇ ਤੋਰਿਆ ਹੋਵੇ, ਉਸ ਪਾਰਟੀ ਮਗਰ ਲੋਕ ਆਪ ਹੀ ਤੁਰ ਪੈਂਦੇ ਹਨ, ਉਸ ਨੂੰ ਵੋਟ ਆਪਣੇ-ਆਪ ਮਿਲਦੇ ਹਨ, ਮੰਗਣੇ ਨਹੀਂ ਪੈਂਦੇ। ਬਦਕਿਸਮਤੀ ਇਹ ਹੈ ਕਿ ਇਹੋ ਜਿਹੀ ਪਾਰਟੀ ਹੁਣ ਮਿਲਦੀ ਨਹੀਂ।

ਲੋਕਤੰਤਰ ਵਿੱਚ ਹੁਣ ਲੋਕਾਂ ਦਾ ਭਰਵਾਂ ਹਿੱਸਾ ਜਾਗ ਪਿਆ ਹੈ, ਜਿਨ੍ਹਾਂ ਨੇ ਕਈ ਵਾਰ ਸਾਬਤ ਕਰਕੇ ਵਿਖਾਇਆ, ਜਦ ਸਰਕਾਰਾਂ ਬਦਲ ਕੇ ਰੱਖ ਦਿੱਤੀਆਂ। ਕੇਂਦਰ ਦੀ ਸ਼ਕਤੀਸ਼ਾਲੀ ਹਕੂਮਤ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ, ਜਿਸ ਨਾਲ ਲੋਕਤੰਤਰ ਵਿੱਚ ਲੋਕ-ਸ਼ਕਤੀ ਦਾ ਜਲਵਾ ਦਿਖਾਈ ਦਿੱਤਾ।

ਚੋਣਾਂ ਦਾ ਸ਼ੋਰ ਫੇਰ ਸਿਰ ਨੇੜੇ ਆ ਗਿਆ। ਵੋਟਾਂ ਦੀ ਅਹਿਮੀਅਤ ਦਾ ਪਤਾ ਲੱਗੇਗਾ। ਨੇਤਾ ਇੱਕ-ਇੱਕ ਵੋਟ ਲਈ ਸਹਿਕ ਰਹੇ ਹਨ ਤਾਂ ਜੋ ਜਿੱਤ ਵੱਲ ਵਧਿਆ ਜਾ ਸਕੇ। ਇਸ ਲਈ ਸਾਰੇ ਹਰਬੇ ਵਰਤੇ ਜਾ ਰਹੇ ਹਨ ਤਾਂ ਕਿ ਹਜੂਮਾਂ ਦੇ ਹਜੂਮ ਢੋਲ-ਢਮੱਕੇ ਨਾਲ ਮਗਰ ਲੱਗ ਸਕਣ।

ਇਸ ਵਕਤ ਜਦ ਨੇਤਾ ਕੇਵਲ ਵੋਟਾਂ ਬਟੋਰਨ ਲਈ ਤਰਲੇ ਮਾਰ ਰਹੇ ਹਨ ਤਾਂ ਲੋਕ ਨੇਤਾਵਾਂ ਵੱਲੋਂ ਪਿਛਲੀ ਚੋਣ ਸਮੇਂ ਦੇ ਵਾਅਦਿਆਂ 'ਤੇ ਨਜ਼ਰ ਮਾਰ ਰਹੇ ਹਨ ਕਿ ਕੋਈ ਪੂਰਾ ਹੋਇਆ ਵੀ ਹੈ ਕਿ ਨਹੀਂ।

ਭਾਸ਼ਣਾਂ 'ਚ ਨਵੇਂ ਵਾਅਦੇ ਕੀਤੇ ਜਾ ਰਹੇ ਹਨ, ਜਿਹੜੇ ਲੋਕਾਂ ਨੂੰ ਭਰਮਾਉਂਦੇ ਵੀ ਹਨ ਤੇ ਆਪਣੇ ਵੱਲ ਖਿੱਚਦੇ ਵੀ। ਨਵੇਂ ਵਾਅਦਿਆਂ ਨੂੰ ਸੁਣਦੇ ਹੋਏ ਲੋਕ ਪਿਛਲੀ ਚੋਣ ਸਮੇਂ ਕੀਤੇ ਵਾਅਦਿਆਂ ਨੂੰ ਨਹੀਂ ਭੁੱਲਦੇ। ਨੇਤਾ ਕਿਸੇ ਕਿਸਮ ਦੀ ਸ਼ਰਮ ਮਹਿਸੂਸ ਨਾ ਕਰਦੇ ਹੋਏ ਨਵੇਂ ਵਾਅਦੇ ਕਰਨ ਲੱਗ ਪਏ।

ਲੋਕ ਅਜੇ ਤੱਕ ਖਾਤਿਆਂ ਵਿੱਚ ਆਉਣ ਵਾਲੇ ਪੰਦਰਾਂ ਲੱਖ ਉਡੀਕ ਰਹੇ ਹਨ ਅਤੇ ਕਾਲੇ ਧਨ ਦੀ ਦੇਸ਼ ਵਾਪਸੀ ਵੀ। ਦੋ ਕਰੋੜ ਨੌਕਰੀਆਂ ਇੱਕ ਸਾਲ ਵਿੱਚ ਤਾਂ ਕੀ, ਪੰਜ ਸਾਲ ਵਿੱਚ ਵੀ ਨਹੀਂ ਮਿਲੀਆਂ। ਭ੍ਰਿਸ਼ਟਾਚਾਰ ਘਟਣ ਦੀ ਇੰਤਜ਼ਾਰ ਸੀ, ਪਰ ਉਹ ਤਾਂ ਏਨਾ ਵਧ ਗਿਆ ਕਿ ਬੈਂਕਾਂ ਦਾ ਧਨ ਬਾਹਰ ਚਲਾ ਗਿਆ।

ਬੇਰੁਜ਼ਗਾਰਾਂ ਦੀ ਗਿਣਤੀ ਵਿੱਚ ਬਹੁਤ ਹੀ ਜ਼ਿਆਦਾ ਵਾਧਾ ਹੋ ਗਿਆ। ਬਹੁਤੇ ਨੌਜਵਾਨ ਮਜਬੂਰੀ ਵਿੱਚ ਦੂਜੇ ਮੁਲਕਾਂ ਵੱਲ ਤੁਰ ਪਏ, ਕਿਉਂਕਿ ਆਪਣੇ ਇਸ ਮੁਲਕ ਵਿੱਚ ਅਜਿਹਾ ਸਿਸਟਮ ਨਹੀਂ ਬਣਾਇਆ ਜਾ ਸਕਿਆ, ਜਿਸ ਅਧੀਨ ਨੌਕਰੀਆਂ ਪੈਦਾ ਹੋ ਜਾਂਦੀਆਂ।

ਕਿਸਾਨਾਂ ਦੇ ਕਰਜ਼ੇ ਮਾਫ਼ ਨਹੀਂ ਕੀਤੇ ਗਏ। ਜੇ ਥੋੜ੍ਹੇ-ਬਹੁਤ ਕੀਤੇ ਵੀ ਗਏ, ਉਹ ਕਾਫ਼ੀ ਨਹੀਂ। ਵਪਾਰੀਆਂ, ਸਨਅਤਕਾਰਾਂ ਨੂੰ ਟੈਕਸਾਂ ਨੇ ਮਾਰ ਲਿਆ। ਲੋਕਾਂ ਕੋਲ ਖਾਲੀ ਜੇਬਾਂ ਹਨ, ਜਿਸ ਕਾਰਨ ਕਾਰੀਗਰਾਂ, ਹੁਨਰਵਾਨਾਂ, ਮਜ਼ਦੂਰਾਂ ਨੂੰ ਕੰਮ ਮਿਲਣਾ ਔਖਾ ਹੋ ਕੇ ਰਹਿ ਗਿਆ। ਉਨ੍ਹਾਂ ਦੀ ਜ਼ਿੰਦਗੀ ਹੋਰ ਔਖੀ ਹੋ ਗਈ।

ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਕੇਵਲ ਪੜ੍ਹੀ ਜਾ ਰਹੇ ਹਨ, ਡਿਗਰੀਆਂ ਹਾਸਲ ਕਰੀ ਜਾ ਰਹੇ ਹਨ, ਪਰ ਉਨ੍ਹਾਂ ਨੂੰ ਕੰਮ ਨਾ ਮਿਲਣ ਕਾਰਨ ਉਨ੍ਹਾਂ ਦਾ ਭਵਿੱਖ ਧੁੰਦਲਾ ਹੋ ਕੇ ਰਹਿ ਗਿਆ ਅਤੇ ਡਿਗਰੀਆਂ ਨਕਾਰਾ ਅਤੇ ਬੇਕਾਰ। ਕੀ ਕਿਹਾ ਜਾਵੇ, ਕੀ ਨਾ?

ਸਿਆਸੀ ਪਾਰਟੀਆਂ ਦੇ ਮੈਨੀਫੈਸਟੋ ਮੁੜ ਆ ਗਏ। ਵਾਅਦਿਆਂ ਦੀ ਫੇਰ ਭਰਮਾਰ ਹੋ ਗਈ। ਕਿਸੇ ਪਾਰਟੀ ਨੇ ਸੌ ਦੇ ਨੇੜੇ ਵਾਅਦੇ ਕਰ ਲਏ ਅਤੇ ਕਿਸੇ ਦੂਜੀ ਨੇ ਪੰਜ ਸੌ ਦੇ ਨੇੜੇ। ਲੋਕਾਂ ਨੂੰ ਨਿਰਣਾ ਕਰਨਾ ਔਖਾ ਹੋ ਜਾਵੇਗਾ ਕਿ ਉਹ ਕਿਸ ਪਾਰਟੀ ਦੇ ਜਾਲ ਵਿੱਚ ਫਸਣ, ਕਿਸ ਦੇ ਨਾ।

ਅੱਜ ਵਕਤ ਆ ਗਿਆ ਹੈ ਕਿ ਲੋਕ ਲਕੀਰ ਖਿੱਚ ਕੇ ਉਸ ਪਾਸੇ ਆਪਣਾ ਯੋਗਦਾਨ ਪਾਉਣ, ਜਿਸ ਨਾਲ ਚੰਗੇ ਅਤੇ ਦੇਸ਼ ਹਿੱਤ ਵਾਲੇ ਲੋਕ ਸਰਕਾਰ ਬਣਾਉਣ ਤਾਂ ਕਿ ਲੋਕਾਂ ਦੇ ਹੱਥਾਂ 'ਤੇ ਧੁਰੋਂ ਖਿੱਚੀਆਂ ਲਕੀਰਾਂ ਵਿੱਚ ਤਬਦੀਲੀ ਲਿਆਂਦੀ ਜਾ ਸਕੇ। ਆਓ, ਸਾਰੇ ਹੰਭਲਾ ਮਾਰੀਏ।

ਵੋਟ ਉਸ ਨੂੰ ਪਾਈਏ, ਜੋ ਵਾਅਦੇ ਪੂਰੇ ਕਰੇ ਅਤੇ ਉਨ੍ਹਾਂ ਨੂੰ ਲਾਰੇ ਨਾ ਬਣਨ ਦੇਵੇ। ਉਨ੍ਹਾਂ ਨੂੰ ਪਾਈਏ, ਜਿਹੜੇ ਸੱਚੇ ਹੋਣ ਅਤੇ ਸੁਹਿਰਦ ਵੀ। ਆਪਣੇ ਲੋਕਾਂ ਦਾ ਭਲਾ ਸੋਚਣ ਵਾਲਿਆਂ, ਆਪਣੇ ਦੇਸ਼ ਨੂੰ ਵਿਕਾਸ ਦੇ ਰਾਹ ਪਾਉਣ ਵਾਲਿਆਂ ਨੂੰ ਹੀ ਵੋਟ ਪਾਈਏ, ਵਿਨਾਸ਼ ਕਰਨ ਵਾਲਿਆਂ ਨੂੰ ਨਹੀਂ।

ਲੋਕਾਂ ਵਿੱਚ ਵੰਡੀਆਂ ਪਾਉਣ ਵਾਲਿਆਂ ਨੂੰ ਬਿਲਕੁਲ ਵੋਟ ਨਾ ਪਾਈਏ, ਜਾਤਪਾਤ ਨੂੰ ਮੁੜ ਹਵਾ ਦੇਣ ਵਾਲਿਆਂ ਅਤੇ ਨਫ਼ਰਤ ਫੈਲਾਉਣ ਵਾਲਿਆਂ ਨੂੰ ਵੋਟ ਤਾਂ ਕੀ ਪਾਉਣੀ, ਨੇੜੇ ਤੱਕ ਨਾ ਲੱਗਣ ਦੇਈਏ ਕਿ ਦੇਸ਼ ਬਚਾਇਆ ਜਾ ਸਕੇ। ਅਜਿਹਾ ਨਾ ਕੀਤਾ ਗਿਆ ਤਾਂ ਪਛਤਾਉਣਾ ਪਵੇਗਾ।

ਉਨ੍ਹਾਂ ਨੂੰ ਵੋਟ ਨਾ ਹੀ ਪਾਈਏ, ਜਿਹੜੇ ਦੇਸ਼ ਨੂੰ ਇੱਕੋ ਰੰਗ ਵਿੱਚ ਰੰਗਣਾ ਚਾਹੁੰਦੇ ਹਨ ਅਤੇ ਬਾਗ ਵਿੱਚ ਕੇਵਲ ਇੱਕੋ ਤਰ੍ਹਾਂ ਦੇ ਰੰਗ ਚਾਹੁੰਦੇ ਹੋਣ। ਹਵਾਵਾਂ ਆਪਣੇ ਵੱਸ ਵਿੱਚ ਕਰਨੀਆਂ ਚਾਹੁੰਦੇ ਹੋਣ ਅਤੇ ਦਰਿਆਵਾਂ ਦੀਆਂ ਲਹਿਰਾਂ ਤੱਕ ਨੂੰ ਮਰਜ਼ੀ ਮੁਤਾਬਕ ਉੱਛਲ ਕੁੱਦ ਨਾ ਕਰਨ ਦੇਣ।

ਮੁੱਕਦੀ ਗੱਲ ਤਾਂ ਇਹ ਹੈ ਕਿ ਕੇਂਦਰ ਵਿੱਚ ਅਤੇ ਰਾਜਾਂ ਵਿੱਚ ਸਰਕਾਰਾਂ ਬਦਲਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ ਤਾਂ ਜੋ ਨਵੀਂ ਸਰਕਾਰ ਆਵੇ, ਨਵੇਂ ਕੰਮ ਕਰੇ ਤਾਂ ਕਿ ਲੋਕਾਂ ਨੂੰ ਰਾਹਤ ਨਸੀਬ ਹੋ ਸਕੇ। ਅਜਿਹਾ ਤਾਂ ਹੀ ਹੋ ਸਕੇਗਾ, ਜੇ ਸਾਰੇ ਮਿਲ ਕੇ ਹੰਭਲਾ ਮਾਰਨ।

### ਲਤੀਫ਼ੇ ਦਾ ਚਿਹਰਾ-ਮੋਹਰਾ

ਇੱਕ ਟੋਲਾ ਵੋਟਾਂ ਮੰਗਣ ਘਰ ਵਿੱਚ ਦਾਖ਼ਲ ਹੋਇਆ ਤਾਂ ਬਜ਼ੁਰਗ ਨੇ ਸਵਾਗਤ ਕਰਦਿਆਂ ਕਿਹਾ, ਹਾਂ ਜੀ ਦੱਸੋ? ਵੋਟਾਂ ਮੰਗਣ ਵਾਲਿਆਂ ਨੇ ਅਰਜ਼ ਗੁਜ਼ਾਰੀ ਕਿ ਵੋਟ ਸਾਨੂੰ ਪਾਓ।

ਅੱਗੋਂ ਬਜ਼ੁਰਗ ਨੇ ਕਿਹਾ ਕਿ ਪੰਜ ਸਾਲ ਤਾਂ ਲੰਘ ਗਏ, ਹੁਣ ਫੇਰ ਮੂੰਹ ਚੁੱਕ ਕੇ ਆ ਗਏ, ਕੋਈ ਸਾਡਾ ਕੰਮ ਨ੍ਹੀਂ ਕੀਤਾ। ਵੋਟਾਂ ਮੰਗਣ ਵਾਲਿਆਂ ਦੇ ਆਗੂ ਨੇ ਮਾਫ਼ੀਨਾਮਾ ਪੇਸ਼ ਕਰਦਿਆਂ ਕਿਹਾ ਕਿ ਇਹ ਲਓ ਜੁੱਤੀ ਮੇਰੇ ਮਾਰੋ। ਬਜ਼ੁਰਗ ਨੇ ਪੰਜ ਜੁੱਤੀਆਂ ਮਾਰ ਦਿੱਤੀਆਂ।

ਆਗੂ ਨੇ ਪੁੱਛਿਆ, "ਬਜ਼ੁਰਗੋ ਵੋਟਾਂ ਕਿੰਨੀਆਂ?" "ਵੋਟ ਤਾਂ ਮੇਰੀ ਇੱਕੋ ਹੈ" ਬਜ਼ੁਰਗ ਨੇ ਕਿਹਾ। ਆਗੂ ਕਹਿਣ ਲੱਗਾ ਕਿ ਵੋਟ ਕੇਵਲ ਇੱਕ ਹੈ, ਜੁੱਤੀਆਂ ਫੇਰ ਪੰਜ ਕਿਉਂ ਮਾਰ ਦਿੱਤੀਆਂ ਤਾਂ ਹੁਣ ਤਾਂ ਵੋਟ ਪੱਕੀ ਸਮਝੀਏ। ਬਜ਼ੁਰਗ ਬੋਲਿਆ, "ਵੋਟ ਹੁਣ ਪੱਕੀ, ਪਰ ਕੰਮ ਕਰੋ, ਕੰਮ ਐਵੇਂ ਝੂਠੇ ਵਾਅਦੇ ਨਾ ਕਰੋ, ਕੇਵਲ ਲਾਰੇ ਨਾ ਲਾਓ।"

# ਖਾਲਸਾ ਦੇ ਸਿਰਜਣਾ ਦਿਵਸ ਵਿਸਾਖੀ ਦੇ ਵਿਚਾਰਕ ਦਿਹਾੜੇ 'ਤੇ ਭਾਰਤ ਰਤਨ ਡਾ.ਭੀਮ ਰਾਉ ਅੰਬੇਡਕਰ ਜੀ ਦੀ ਸੋਚ ਦੀ ਸਾਰਥਿਕਤਾ

(ਸਫਾ 19 ਦੀ ਬਾਕੀ)

ਪਾਣੀ ਭਰਨ ਦਾ ਅੰਦੋਲਨ ਸ਼ੁਰੂ ਕੀਤਾ ਤੇ ਮਾਰਚ 2-3,1930 ਵਿੱਚ ਨਾਸਿਕ ਵਿੱਚ ਕਾਲਾ ਰਾਮ ਮੰਦਰ ਵਿੱਚ ਪ੍ਰਵੇਸ਼ ਕਰਨ ਵਾਸਤੇ ਮੰਦਰ ਪ੍ਰਵੇਸ਼ ਮੋਰਚਾ ਲਾਇਆ ਸੀ। ਡਾ. ਭੀਮ ਰਾਉ ਅੰਬੇਡਕਰ ਤੇ ਉਨਾਂ ਦੇ ਸਾਥੀਆਂ ਨੂੰ ਮੰਦਰ ਵਿੱਚ ਪ੍ਰਵੇਸ਼ ਨਹੀ ਕਰਨ ਦਿੱਤਾ ਗਿਆ ਸੀ। ਡਾ. ਭੀਮ ਰਾਉ ਅੰਬੇਡਕਰ ਜੀ ਨੇ ਦਲਿਤਾਂ ਦੇ ਅਧਿਕਾਰਾਂ ਨੂੰ ਜਤਾਉਣ ਵਾਸਤੇ ਇਹ ਅੰਦੋਲਨ ਸ਼ੁਰੂ ਕੀਤੇ ਸਨ ਅਤੇ ਉਨਾਂ ਨੇ ਦੱਸਿਆ ਸੀ ਕੇ ਉਹੋ ਕੌਮਾਂ ਆਪਣਾ ਇਤਿਹਾਸ ਨਹੀ ਜਾਣਦੀਆਂ, ਉਹ ਆਪਣਾ ਇਤਿਹਾਸ ਬਣਾ ਵੀ ਨਹੀ ਸਕਦੀਆਂ"।

ਯਿਊਲਾ ਵਿਖੇ ਉਨਾਂ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਹਾਂ ਪਰ ਹਿੰਦੂ ਮਰਾਂਗਾ ਨਹੀ ਅਤੇ ਇਹ ਪ੍ਰਣ ਉਨਾਂ ਨੇ ਨਾਗਪੁਰ ਵਿੱਚ 14 ਅਕਤੂਬਰ 1956 ਨੂੰ ਬੁੱਧ ਧਰਮ ਅਪਣਾ ਪ੍ਰਣ ਪੂਰਾ ਕੀਤਾ ਸੀ। ਡਾ. ਭੀਮ ਰਾਉ ਅੰਬੇਡਕਰ ਜੀ ਨੇ 28 ਅਕਤੂਬਰ 1951 ਨੂੰ ਡੀ.ਏ.ਵੀ. ਕਾਲਜ ਜਲੰਧਰ ਵਿਖੇ ਸੰਸਦੀ ਲੋਕਤੰਤਰ ਦਾ ਭਵਿੱਖ ਦੇ ਵਿਸ਼ੇ ਤੇ ਬੋਲਦਿਆਂ ਦੱਸਿਆ ਸੀ, ਮਹਾਂਭਾਰਤ ਦੇ ਹਵਾਲੇ ਅਨੁਸਾਰ ਭੀਸ਼ਮ ਪਿਤਾਮਾ ਜੀ ਨੂੰ ਕਿਸੇ ਨੇ ਪੁੱਛਿਆ ਕਿ ਜਦੋਂ ਤੁਹਾਨੂੰ ਪਤਾ ਹੈ ਕਿ ਪਾਂਡੂ-ਕੌਰਵਾਂ ਦੇ ਯੁਧ ਵਿੱਚ ਕੌਰਵ ਗਲਤ ਹਨ ਤਾਂ ਤੁਸੀ ਕੌਰਵਾਂ ਦੀ ਮਦਦ ਕਿਉਂ ਕਰਦੇ ਹੋ? ਤਾਂ ਭੀਸ਼ਮ ਪਿਤਾਮਾ ਜੀ ਨੇ ਇਤਿਹਾਸਕ ਸ਼ਬਦਾ ਵਿੱਚ ਜਵਾਬ ਦਿੱਤਾ ਸੀ ਕਿ ਮੈਂ ਨਮਕ ਹਲਾਲ ਹਾਂ, ਮੈਂ ਕੌਰਵਾਂ ਦਾ ਲੂਣ ਖਾਂਦਾ ਹਾਂ, ਇਸ ਕਰਕੇ ਮੈ ਉਨ੍ਹਾਂ ਦਾ ਪੱਖ ਪੂਰਦਾ ਹਾਂ। ਬੇਸ਼ਕ ਉਹ ਗਲਤ ਹੀ ਹਨ- ਅੱਜ ਦੀ ਕਾਂਗਰਸ, ਬੇ.ਜੀ.ਪੀ ਤੇ ਹੋਰ ਪਾਰਟੀਆਂ ਵੀ ਇਸੇ ਨੀਤੀ ਉਪਰ ਚੱਲਦਿਆ ਭਾਰਤ ਦੇ ਪੂੰਜੀਨਿਵੇਸ਼ੀ ਤਾਕਤਾਂ ਜਿਵੇਂ ਕਿ ਬਨੀਆਂ, ਮਾਰਵਾੜੀਆਂ ਤੇ ਹੋਰ ਕਰੋੜਾਂ ਪਤੀਆਂ ਤੋਂ ਮਾਇਕ ਸਹਾਇਤਾ ਪ੍ਰਾਪਤ ਕਰਦੀਆਂ ਹਨ। ਜਿਸ ਕਰਕੇ ਮੌਜੂਦਾ ਸਰਕਾਰਾਂ ਉਨਾਂ ਵੱਡੇ ਵਿਉਪਾਰੀਆਂ ਦਾ ਹੀ ਪੱਖ-ਪੂਰਦੀਆਂ ਹਨ ਤੇ ਅਜੋਕੇ ਸਮੇਂ ਦੇ ਅਨੇਕਾਂ ਭੀਸ਼ਮ ਹਨ। ਇਸ ਕਰਕੇ ਦੇਸ਼ ਵਿੱਚ ਵਿਦਰੋਹ, ਹਫੜਾ-ਦਫੜੀ ਤੇ ਅੰਬੇਡਕਾਰਵਾਦ ਵਿਚਾਰਧਾਰਾ ਉਭਰ ਰਹੀ ਹੈ। ਪੰਜਾਬ ਦੇ ਮੌਜੂਦਾ ਸਿੱਖੀ ਵਿਚਾਰਧਾਰਾ ਰੱਖਣ ਵਾਲੇ ਲੋਕ ਅਕਸਰ ਭਾਰਤੀ ਸੰਵਿਧਾਨ ਦੀ ਧਾਰਾ ਅਰਟੀਕਲ 25(ਬੀ) ਦਾ ਵਿਰੋਧ ਕਰਦੇ ਹਨ। ਉਨਾਂ ਦੀ ਸੋਚਣੀ ਹੈ ਕਿ ਡਾ. ਭੀਮ ਰਾਊ ਅੰਬੇਡਕਰ ਸਾਹਿਬ ਜੀ ਨੇ ਸਿੱਖ ਧਰਮ ਵਾਸਤੇ ਵਿਸ਼ੇਸ਼ ਅਧਿਕਾਰ ਭਾਰਤੀ ਸੰਵਿਧਾਨ ਵਿੱਚ ਦਰਜ ਨਹੀਂ ਕਰਵਾਏ। ਪਰ ਦੂਜੇ ਪਾਸੇ ਵਿਦਵਾਨ ਇਹ ਗੱਲ ਕਹਿੰਦੇ ਹਨ ਕਿ ਜਦੋਂ ਆਰਟੀਕਲ ਮਸੌਦਿਆ ਉਪਰ ਸੰਸਦ ਵਿੱਚ ਬਹਿਸ ਕਰਾਈ ਜਾਂਦੀ ਸੀ ਤੇ ਬਹਿਸ ਉਪਰੰਤ ਹੀ ਕਾਨੂੰਨ ਬਣਦਾ ਸੀ ਤੇ ਉਸ ਸਮੇਂ ਦੇ ਸਿੱਖਾਂ ਦੇ ਆਗੂ (ਮਾਸਟਰ ਤਾਰਾਂ ਸਿੰਘ ਤੇ ਬਲਦੇਵ ਸਿੰਘ ਆਦਿ ) ਮੋਹਨ ਦਾਸ ਕਰਮਚੰਦ ਗਾਂਧੀ ਦੇ ਝੋਲੀ ਵਿੱਚ ਬੈਠੇ ਹੁੰਦੇ ਸਨ ਤੇ ਇਸ ਤਰਾਂ ਸਿੱਖ ਲੀਡਰ ਡਾ. ਭੀਮ ਰਾਉ ਅੰਬੇਡਕਰ ਸਾਹਿਬ ਜੀ ਉਪਰ ਗਿਲਾ ਨਹੀਂ ਕਰ ਸਕਦੇ। ਆਰਟੀਕਲ ਧਾਰਾ 25(ਬੀ) ਅਧੀਨ ਸਿੱਖਾਂ ਨੂੰ ਪੂਰਨ ਧਾਰਮਿਕ ਅਜ਼ਾਦੀ ਤਹਿਤ ਹਥਿਆਰ (ਕਿਰਪਾਨ) ਰੱਖਣ ਦਾ ਅਧਿਕਾਰ ਦਿੱਤਾ ਗਿਆ ਸੀ। ਪਰ ਦੂਜੇ ਪਾਸੇ ਸਿੱਖ ਰਾਜ ਵਿੱਚ ਜਦੋਂ ਜ਼ਮੀਨਾਂ ਦੀ ਵੰਡ ਕੀਤੀ ਗਈ ਸੀ ਤਾਂ ਪੰਜਾਬ ਦੇ ਦਲਿਤਾਂ ਨੂੰ ਜ਼ਮੀਨਾਂ ਤੋਂ ਜਾਣਬੂਝ ਕੇ ਵਾਂਝਿਆਂ ਕਿਉਂ ਰੱਖਿਆ ਗਿਆ? ਜੋ ਹੁਣ ਤੱਕ ਇਕ ਡੂੰਘਾ ਜ਼ਖਮ ਬਣ ਗਿਆ ਹੈ ਤੇ ਖਾਸ ਕਰਕੇ ਪੰਜਾਬ ਦੇ ਦਲਿਤ ਇਸ ਕਾਣੀਵੰਡ ਦਾ ਦਰਦ ਹੰਢਾ ਰਹੇ ਹਨ, ਜਦੋਂਕਿ ਪੰਜਾਬ ਦੇ ਸਿੱਖ ਰਾਜ ਦੇ ਬਹੁਤ ਸਾਰੇ ਸੈਨਿਕ ਤੇ ਜਰਨੈਲ ਮਜ਼ਬੀ ਤੇ ਰਵਿਦਾਸੀਆ ਸਿੱਖ ਸਨ ਤੇ ਇਹ ਵੀ ਇਕ ਵਿਤਕਰਾ ਹੈ, ਜੋ ਅੱਜ ਵੀ ਜਾਰੀ ਹੈ।

## ਕੌੜਤੁੰਮੇ ਵਰਗਾ ਮਿੱਠਾ ਸੱਚ

# "ਆਹ ਲਾਏ ਕੰਨਾਂ ਨੂੰ ਹੱਥ, ਹੁਣ ਫੋਨ ਨੀ ਕਰਨਾ"

ਮੈਂ ਮਹੀਨਾ ਕੁ ਪਹਿਲਾਂ ਪਿੰਡੋਂ ਦੋ ਕੁ ਮਹੀਨੇ ਦੀ ਛੁੱਟੀ ਕੱਟ ਕੇ ਆਇਆ ਹਾਂ। ਇੱਥੇ ਆਕੇ ਜ਼ਰੂਰੀ ਕੰਮ ਤੋਂ ਬਿਨਾਂ ਇੰਡੀਆ ਕੋਈ ਫੋਨ ਨਹੀਂ ਲਾਇਆ। ਹੁਣ ਤੁਸੀਂ ਸੋਚੋਂਗੇ ਜ਼ਰੂਰ ਕਿ ਐਸਾ ਕੀ ਕੱਦੂ 'ਚ ਤੀਰ ਮਾਰ ਦਿੱਤਾ ਕਿ ਅਖੇ ਕਿਸੇ ਨੂੰ ਫੋਨ ਨਹੀਂ ਲਾਇਆ। ਜੋ ਕੁਝ ਮੈਂ ਖੁਦ ਅੱਖੀਂ ਦੇਖ ਕੇ ਤੇ ਕੰਨੀਂ ਸੁਣ ਕੇ ਆਇਆ ਹਾਂ, ਸ਼ਾਇਦ ਤੁਹਾਡੇ ਲੀ ਕੰਮ ਆ ਜਾਵੇ। ਤੁਸੀਂ ਵੀ ਜ਼ਮੀਨੀ ਹਕੀਕਤ ਤੋਂ ਜਾਣੂੰ ਹੋ ਜਾਵੋਂ। ਹੋਇਆ ਇਉਂ ਕਿ ਸਵੇਰੇ ਧੁੰਦ ਪਈ ਹੋਈ ਸੀ ਤੇ ਛੋਟਾ ਭਰਾ ਡੇਅਰੀ ਦੁੱਧ ਪਾਉਣ ਜਾ ਰਿਹਾ ਸੀ। ਮੈਂ ਵੀ ਭੂਰੇ ਦੀ ਬੁੱਕਲ ਮਾਰ ਕੇ ਨਾਲ ਤੁਰ ਪਿਆ। ਸੱਤ ਅੱਠ ਜਣੇ ਦੁੱਧ ਪਾਉਣ ਆਏ ਹੋਏ ਸਨ। ਇੱਕ ਨੂੰ ਡੇਅਰੀ ਵਾਲਾ ਕਹਿੰਦਾ, "ਚਾਚਾ ਕੀ ਗੱਲ ਹੋ ਗਈ?

ਅੱਜਕੱਲ੍ਹ ਲੇਟ ਹੋ ਜਾਨਾਂ? ਅਗਲੇ ਦੀ ਦੁੱਖਦੀ ਰਗ ਨੱਪੀ ਗਈ ਤੇ ਹੋ ਗਿਆ ਸ਼ੁਰੂ, "ਯਾਰ ਆ ਕਨੇਡੇ ਵਾਲਿਆਂ ਨੇ ਤੰਗ ਕੀਤਾ ਹੋਇਆ। ਆਪ ਤਾਂ ਰਾਤ ਨੂੰ ਕੰਮਾ ਕਾਰਾਂ ਤੋਂ ਵਿਹਲੇ ਹੁੰਦੇ ਆ, ਲਾਕੇ ਦੋ ਕੁ ਲੰਡੂ ਪੇਕ ਫੋਨ ਘੁਮਾ ਦਿੰਦੇ ਆ। ਇਧਰ ਆਪਣਾ ਪੱਠੇ ਦੱਥੇ ਤੇ ਸਵੇਰੇ ਧਾਰਾਂ ਕੱਢਣ ਦਾ ਟੈਂਮ ਹੁੰਦੈ। ਕੱਲ੍ਹ ਦੌਧਰ ਆਲੇ ਫੁੱਫੜ ਦਾ ਆ ਗਿਆ। ਅੱਜ ਆਪਣੇ ਦੀਪੇ ਨੇ ਲਾ ਲਿਆ। ਉਹਨਾਂ ਦੇ ਨਸ਼ੇ ਪੱਤੇ ਖਿੜੇ ਹੁੰਦੇ ਆ, ਇਧਰ ਸਾਡਾ ਰਾਤ ਵਾਲੇ ਸੰਤਰੇ ਨੇ ਸਿਰ ਫੜਿਆ ਹੁੰਦਾ। ਹੁਣ ਬੰਦਾ ਕਿੰਨੀਆਂ ਕੁ ਗੱਲਾਂ ਕਰੀ ਜਾਵੇ? ਐਵੇਂ ਹੀ ਪਿੰਡ ਦੇ ਬੰਦਿਆ ਦਾ ਹਾਲ ਪੁੱਛੀ ਜਾਣਗੇ। ਫਲਾਨਾ ਕੀ ਕਰਦਾ, ਢਿੰਮਕਾਨਾ ਕੀ ਕਰਦਾ? ਲੱਲੂ ਪੰਜੂ ਬੰਦਿਆਂ ਦਾ ਹਾਲ ਪੁੱਛਣਗੇ, ਠਰਕੀ ਬੁੜਿਆਂ ਦੀਆਂ ਹਰਕਤਾਂ ਬਾਰੇ ਜਾਣਕੇ ਸੁਆਦ ਲੈਣਗੇ। ਜਾਂ ਫਿਰ ਰਾਜਨੀਤੀ ਵਾਰੇ ਪੁੱਛਣਗੇ, ਜਿਵੇਂ ਮੈਂ ਕੋਈ ਬਾਦਲ ਦਾ ਮੁਨਸ਼ੀ ਹੋਵਾਂ। ਮੈਂ ਧਾਰਾਂ ਕੱਢਣੀਆਂ ਸੀ, ਮੈਂ ਘਰਵਾਲੀ ਨੂੰ ਫੋਨ ਫੜਾਤਾ, ਉਹਨੇ ਦੋ ਮਿੰਟ ਗੱਲ ਕਰਕੇ ਬੇਬੇ ਦੇ ਕੰਨ ਨੂੰ ਲਾ'ਤਾ, ਬੇਬੇ ਨੂੰ ਉੱਚਾ ਸੁਣਦਾ ਉਹ ਪੁੱਤ ਪੁੱਤ ਕਰਦੀ ਰਹੀ, "ਉੱਚਾ ਸੁਣਦੈ" ਕਹਿ ਕੇ ਬਾਪੂ ਨੂੰ ਫੋਨ ਫੜਾਤਾ। ਉਹਨੇ ਗੁਰਦੁਆਰੇ ਜਾਣਾ ਸੀ, ਤੁਰਿਆ ਜਾਂਦਾ ਜਾਂਦਾ "ਸਿਆਪਾ" ਫਿਰ ਮੇਰੇ ਗਲ ਪਾ ਗਿਆ। ਅਜੇ ਇੱਕ ਮੱਝ ਦੀ ਧਾਰ ਕੱਢੀ ਸੀ। ਮੈਂ ਬਥੇਰਾ ਗੱਲੀਂਬਾਤੀਂ ਕਿਹਾ ਕਿ ਮੇਰਾ ਕੰਮ ਵਿਚਾਲੇ ਪਿਐ। ਪਤੰਦਰ ਐਵੇਂ ਉੱਘ ਦੀਆਂ ਪਤਾਲ ਮਾਰੀ ਗਿਆ। ਮਸਾਂ ਖਹਿੜਾ ਛੁਡਾਇਆ, ਹਰ ਰੋਜ਼ ਉਹੀ ਲੇਟ ਕਰਾਉਂਦੈ ਭਤੀਜ। ਉਹਨੇ ਅਜੇ ਦੁੱਧ ਵਾਲੀ ਕਾਪੀ ਜੇਬ 'ਚ ਪਾਈ ਨਹੀਂ ਸੀ। ਨਾਲ ਈ ਦੂਜਾ ਚੱਲ ਪਿਆ, "ਸਾਡਾ ਛੋਰ ਜਿਆ ਵੀ ਪਿਛਲੇ ਸਾਲ ਪੜ੍ਹਨ ਗਿਆ ਕਨੇਡਾ, ਉਹ ਵੀ ਇਉਂ ਈ ਕਰਦੈ। ਟੈਮ ਟੂੰਮ ਵੀ ਨੀ ਵੇਖਦਾ, ਅੱਧੀ ਰਾਤ ਨੂੰ ਲਾਕੇ ਬੈਠ ਜਾਂਦਾ। ਐਥੇ ਸਾਲਾ ਸਾਰੀ ਦਿਹਾੜੀ ਸਰਪੰਚ ਦੇ ਘਰ ਮੂਹਰੇ ਤਾਸ਼ 'ਤੇ ਬੈਠਾ ਰਹਿੰਦਾ ਸੀ। ਘਰ ਦੇ ਕੰਮ ਨੂੰ ਮੌਤ ਪੈਂਦੀ ਸੀ। ਹੁਣ ਲੋਪੋ ਵਾਲੇ ਸਾਧ ਵਾਂਗੂੰ ਮੱਤਾਂ ਦਿੰਦਾ।



ਅਮਰ ਮੀਨੀਆ (ਗਲਾਸਗੋ)

ਹੁਣ ਤੀਜੇ ਦੀ ਵਾਰੀ ਸੀ। "ਸਾਡੇ ਦੋ ਤਿੰਨ ਜਣੇ 'ਮਰੀਕਾ 'ਚ ਆ, ਟਰੱਕ ਚਲਾਉਂਦੇ ਆ। ਕੰਨਾਂ ਨੂੰ ਟੂਟੀਆਂ ਜੀਆਂ ਲਾ ਕੇ ਤਿੰਨ ਤਿੰਨ ਚਾਰ ਚਾਰ ਘੰਟੇ ਖਹਿੜਾ ਨੀ ਛੱਡਦੇ। ਲੰਮੇ ਰੂਟ ਆ, ਉਹਨਾਂ ਨੇ ਤਾਂ ਆਵਦੀ ਵਾਟ ਕੱਢਣੀ ਹੁੰਦੀ ਆ ਤੇ ਸਾਡੇ ਕੰਮ ਨੂੰ ਨਾਗ ਵਲ ਮਾਰ ਕੇ ਬਹਿ ਜਾਂਦੇ ਆ ਪੱਟੂ। ਜਦੋਂ ਕੋਈ ਗੱਲ ਨਾ ਆਵੇ ਤਾਂ ਹੋਰ ਫਿਰ। ਹੋਰ ਫਿਰ ਕਰਨਗੇ। ਪਰਸੋਂ ਮੇਰਾ ਹੱਥ ਥੱਕ ਗਿਆ, ਮੈਂ ਸਪੀਕਰ 'ਤੇ ਲਾ ਕੇ ਕਰਕੇ ਫੋਨ ਜੇਬ 'ਚ ਪਾ ਲਿਆ। ਦੋਨੋ ਹੱਥ ਖਾਲੀ ਹੋ ਗਏ। ਗੱਲਾਂ ਕਰਦਾ ਕਰਦਾ ਬਰਸੀਨ ਵੱਢਣ ਲੱਗ ਪਿਆ। ਸਾਲੀ ਦਾਤੀ ਉਂਗਲ 'ਚ ਫਿਰ ਗਈ।"

ਚੌਥੇ ਨੇ ਤਾਂ ਜਮਾਂ ਹੀ ਸਿਰੇ ਲਾ'ਤੀ ਕਹਿੰਦਾ, "ਆਹ ਵੋਟਾਂ ਵੇਲੇ ਸਾਡੇ ਇੰਗਲੈਂਡ ਵਾਲਿਆਂ ਨੇ ਸਾਡੇ ਚਿੱਤੜਾਂ 'ਚ ਝਾੜੂ ਦੇਈ ਰੱਖਿਆ। ਦਿਨ ਰਾਤ ਇਕੋ ਹੀ ਗੱਲ, ਝਾੜੂ ਨੂੰ ਵੋਟਾਂ ਪਾਇਓ। ਕਾਲੀ ਕਾਂਗਰਸੀ ਤਾਂ ਲੋਟੂ ਆ। ਸਾਲੀ ਨਾ ਘੁੱਟ ਪੀਣ ਨੂੰ ਮਿਲੀ ਨਾ ਚਮਚਾ ਡੋਡੇ। ਆਹ ਬਿਲਾਸਪੁਰੀ ਜਿਤਾ ਵੀ ਦਿੱਤਾ। ਸਾਡਾ ਤਾਂ ਕੁਛ ਨੀ ਬਣਿਆ ਅਗਲਾ ਤਿੰਨ ਮੰਜਲੀ ਕੋਠੀ ਵਿੱਢੀ ਬੈਠੈ। ਐਥੇ ਅਸੀਂ ਪਿੰਡ ਵਾਲਿਆਂ ਨਾਲ ਮੂੰਹ ਵਿੰਗੇ ਕਰਲੇ। ਉਹ ਆਪਸ ਵਿੱਚ ਛਿੱਤਰੀਂ ਦਾਲ ਵੰਡਦੇ ਫਿਰਦੇ ਆ।" ਇਹ ਸੁਣਕੇ ਮੈਂ ਆਵਦੇ ਭੂਰੇ ਦੀ ਬੁੱਕਲ ਨਾਸਾਂ ਤਾਈਂ ਉੱਚੀ ਕਰ'ਲੀ ਕਿ ਕਿਤੇ ਕੋਈ ਪਛਾਣ ਹੀ ਨਾ ਲਵੇ। ਝਾੜੂ ਵਾਲਿਆਂ ਲਈ ਤਾਂ ਆਪਾਂ ਵੀ ਬਥੇਰੀਆਂ ਜੁੱਤੀਆਂ ਘਸਾਈਆਂ ਸੀ। ਇਸ ਚਰਚਾ ਦੌਰਾਨ ਬੇਸ਼ੱਕ ਮੈਂ ਵੀ ਟੋਟਕਿਆਂ 'ਤੇ ਦੂਜਿਆਂ ਨਾਲ ਹੱਸਣ ਦੀ ਕੋਸ਼ਿਸ਼ ਕਰਦਾ ਰਿਹਾ। ਪਰ ਅੰਦਰੋਂ ਇੰਝ ਸੀ ਜਿਵੇਂ ਮੈਂ ਡੇਅਰੀ ਦੁੱਧ ਪਾਉਣ ਨਹੀਂ ਬਲਕਿ ਨਗਦ ਬੇਜ਼ਤੀ ਕਰਵਾਉਣ ਆਇਆ ਹੋਵਾਂ। ਬੱਚਤ ਰਹੀ ਕਿ ਕੰਬਲ ਦੀ ਬੁੱਕਲ ਤੇ ਧੁੰਦ ਨੇ ਪਰਦਾ ਰੱਖ ਲਿਆ। ਇਸ ਚਰਚਾ ਨੂੰ ਬਰੇਕ ਉਦੋਂ ਹੀ ਲੱਗੀ ਜਦੋਂ ਮੋਗੇ ਨੈਸਲੇ ਡੇਅਰੀ ਦੇ ਟੈਂਕਰ ਨੇ ਆ ਕੰਨ ਕੱਢੇ। ਡੇਅਰੀ ਆਲ਼ੇ ਦੁੱਧ ਐਧਰ ਓਧਰ ਕਰਨ ਲੱਗ ਪਏ ਤੇ ਅਸੀਂ ਘਰਾਂ ਨੂੰ ਤੁਰ ਪਏ। ਮੈਨੂੰ ਪੂਰੀ ਉਮੀਦ ਹੈ ਕਿ ਜੇ ਮੈਂ ਨਾਲ ਨਾ ਹੁੰਦਾ ਤਾਂ ਮੇਰੇ ਭਰਾ ਨੇ ਵੀ ਇਸ ਫੋਨ ਚਰਚਾ ਵਿੱਚ ਆਪਣਾ ਬਣਦਾ ਸਰਦਾ "ਯੋਗਦਾਨ" ਪਾ ਦੇਣਾ ਸੀ।

# ਕੁਲਦੀਪ ਚੁੰਬਰ ਦਾ ਗਾਇਆ ਮਿਸ਼ਨ 2019 ਦਾ ਸਿੰਗਲ ਟਰੈਕ 'ਰਾਜ ਭਾਗ' ਰਿਲੀਜ਼




**ਆਦਮਪੁਰ/ਸ਼ਾਮਚੁਰਾਸੀ–** ਮਿਸ਼ਨਰੀ ਅਤੇ ਲੋਕ ਗਾਇਕ ਕੁਲਦੀਪ ਚੁੰਬਰ ਵਲੋਂ ਮਿਸ਼ਨ 2019 ਦੀ ਪ੍ਰਾਪਤੀ ਲਈ ਆਪਣਾ ਸਿੰਗਲ ਟਰੈਕ 'ਰਾਜ ਭਾਗ' ਸਿਰਨਾਵੇਂ ਹੇਠ ਰਿਲੀਜ਼ ਕੀਤਾ ਗਿਆ। ਇਸ ਟਰੈਕ ਬਾਰੇ ਜਾਣਕਾਰੀ ਦਿੰਦਿਆਂ ਗਾਇਕ ਚੁੰਬਰ ਨੇ ਦੱਸਿਆ ਕਿ ਇਹ ਟਰੈਕ ਇਸ ਕੈਨੇਡਾ ਦੇ ਸਹਿਯੋਗ ਨਾਲ ਤਾਜ਼ ਇੰਟਰਟੇਨਮੈਂਟ ਅਤੇ ਰੱਤੂ ਰੰਧਾਵਾ ਵਲੋਂ ਰਿਲੀਜ਼ ਕੀਤਾ ਗਿਆ। ਜਿਸ ਦਾ ਵੀਡੀਓ ਮੁਨੀਸ਼ ਠੁਕਰਾਲ ਵਲੋਂ ਕੀਤਾ ਗਿਆ।

ਇਸ ਮਿਸ਼ਨਰੀ ਟਰੈਕ ਨੂੰ ਗੀਤਕਾਰ ਰੱਤੂ ਰੰਧਾਵਾ ਨੇ ਕਲਮਬੱਧ ਕੀਤਾ ਹੈ। ਜਿਸ ਵਿਚ ਸਮਾਜ ਨੂੰ ਇਕ ਮੁੱਠ ਇਕ ਜੁੱਟ ਹੋ ਕੇ ਬਸਪਾ ਲਈ ਆਪਣਾ ਵੋਟ ਸਪੋਰਟ ਦਾ ਯੋਗਦਾਨ ਪਾਉਣ ਲਈ ਪ੍ਰੇਰਿਆ ਗਿਆ ਹੈ। ਇਸ ਤੋਂ ਇਲਾਵਾ ਤਾਜ਼ ਇੰਟਰਟੈਨਮੈਂਟ ਵਲੋਂ ਮਿਸ਼ਨ 2019 ਵਿਚ 9 ਹੋਰ ਕਲਾਕਾਰਾਂ ਦੀਆਂ ਮਿਸ਼ਨਰੀ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਜਿੰਨ੍ਹਾਂ ਨੂੰ ਕਰਮਬੱਧ ਤਰੀਕੇ ਨਾਲ ਲਾਂਚ ਕੀਤਾ ਜਾ ਰਿਹਾ ਹੈ।

# ਗਾਇਕ ਮਨਦੀਪ ਮਿੱਕੀ ਦੇ ਸਿੰਗਲ ਟਰੈਕ 'ਕਲਮ ਵਰਸਿਜ਼ ਝਾੜੂ' ਰਿਲੀਜ਼




**ਆਦਮਪੁਰ/ਸ਼ਾਮਚੁਰਾਸੀ–** ਸ੍ਰੀ ਮਹਿੰਦਰ ਸਿੰਘ ਐਂਡ ਅਜ਼ਾਦ ਟੀ ਵੀ ਵਲੋਂ ਐਨ ਕੇ ਐਨ ਮਿਊਜਿਕ ਕੰਪਨੀ ਦੀ ਤਰਫੋਂ 'ਕਲਮ ਵਰਸਿਜ਼ ਝਾੜੂ' ਟਰੈਕ ਜਿਸ ਨੂੰ ਮਨਦੀਪ ਮਿੱਕੀ ਨੇ ਗਾਇਆ ਹੈ, ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਗੀਤ ਦੇ ਲੇਖਕ ਮਾਣੀ ਫਗਵਾੜਾ ਨੇ ਦੱਸਿਆ ਕਿ ਇਸ ਟਰੈਕ ਦੇ ਪ੍ਰਡਿਊਸਰ ਆਰ ਕੇ ਨਾਹਰ ਹਨ। ਜਦ ਕਿ ਇਸ ਦਾ ਮਿਊਜਿਕ ਐਸ ਪੀ ਹੰਸ ਵਲੋਂ ਦਿੱਤਾ ਗਿਆ ਹੈ। ਰਮੇਸ਼ ਕੁਮਾਰ ਅਜ਼ਾਦ ਟੀ ਵੀ ਦੇ ਐਮ ਡੀ ਅਤੇ ਖੁਸ਼ਹਾਲ ਫੈਮਿਲੀ ਵਲੋਂ ਇਸ ਟਰੈਕ ਲਈ ਮਨਦੀਪ ਮਿੱਕੀ ਨੂੰ ਹਾਰਦਿਕ ਸ਼ੁੱਭਕਾਨਾਵਾਂ ਦਾ ਸਹਿਯੋਗ ਮਿ–ਲਿਆ ਹੈ। ਜਿਕਰਯੋਗ ਹੈ ਕਿ ਇਹ ਟਰੈਕ ਵਿਸਾਖੀ ਮੌਕੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ 128ਵੇਂ ਜਨਮ ਦਿਹਾੜੇ ਨੂੰ ਸਮਰਪਿਤ ਕਰਕੇ ਰਿਲੀਜ਼ ਕੀਤਾ ਗਿਆ ਹੈ।

# ਗਾਇਕਾ ਚੰਨ ਕੌਰ ਦਾ ਸਿੰਗਲ ਟਰੈਕ 'ਖਾਲਸਾ' ਰਿਲੀਜ਼

**ਆਦਮਪੁਰ/ਸ਼ਾਮਚੁਰਾਸੀ–** ਵਿਸਾਖੀ ਦਿਹਾੜੇ ਨੂੰ ਸਮਰਪਿਤ ਗਾਇਕਾ ਚੰਨ ਕੌਰ ਦਾ ਸਿੰਗਲ ਟਰੈਕ 'ਖਾਲਸਾ' ਜੀਤ ਰਿਕਾਰਡਸ ਅਤੇ ਮਨੌਜ ਸਿੰਘ ਹੈਪੀ ਯੂ ਐਸ ਏ ਵਲੋਂ




ਹਾਲ ਹੀ ਵਿਚ ਧੂਮਧਾਮ ਨਾਲ ਰਿਲੀਜ਼ ਕੀਤਾ ਗਿਆ। ਇਸ ਦੀ ਜਾਣਕਾਰੀ ਦਿੰਦਿਆਂ ਗੀਤਕਾਰ ਮਾਣੀ ਫਗਵਾੜਾ ਨੇ ਦੱਸਿਆ ਕਿ ਇਸ ਟਰੈਕ ਨੂੰ ਗਾਇਕਾ ਚੰਨ ਕੌਰ ਨੇ ਆਪਣੀ ਖੂਬਸੂਰਤ ਅਵਾਜ਼ ਨਾਲ ਬਾਖੂਬੀ ਨਿਭਾਇਆ ਹੈ। ਜੋ ਕਿ ਧਰਮ ਅਤੇ ਵਿਰਸੇ ਦੀ ਇਕ ਝਲਕ ਵਜੋਂ ਪੇਸ਼ ਕੀਤਾ ਸਿੰਗਲ ਟਰੈਕ ਹੈ। ਇਸ ਟਰੈਕ ਦਾ ਮਿਊਜਿਕ 'ਅਮਰ ਦਾ ਮਿਊਜਿਕ ਮਿਰਰ' ਵਲੋਂ ਤਿਆਰ ਕੀਤਾ ਗਿਆ ਹੈ।

ਜਿਕਰਯੋਗ ਹੈ ਕਿ ਇਸ ਟਰੈਕ ਤੋਂ ਪਹਿਲਾਂ ਚੰਨ ਕੌਰ ਅਨੇਕਾਂ ਪੰਜਾਬੀ, ਧਾਰਮਿਕ, ਸਮਾਜਿਕ ਗੀਤਾਂ ਨਾਲ ਆਪਣੀ ਹਾਜ਼ਰੀ ਸੰਗੀਤਕ ਦੁਨੀਆਂ ਵਿਚ ਲਵਾ ਚੁੱਕੀ ਹੈ। ਕਾਮਨਾ ਕਰਦੇ ਹਾਂ ਕਿ ਗਾਇਕਾ ਚੰਨ ਕੌਰ ਗਾਇਕੀ ਖੇਤਰ ਵਿਚ ਹੋਰ ਵੀ ਨਵੇਂ ਮੀਲ ਪੱਥਰ ਸਥਾਪਿਤ ਕਰਕੇ ਲੋਕ ਦਿਲਾਂ ਦੀ ਤਰਜਮਾਨੀ ਕਰੇ।

# ਦਲਵਿੰਦਰ ਦਿਆਲਪੁਰੀ ਦਾ ਸਿੰਗਲ ਟਰੈਕ 'ਬਾਬਾ ਸਾਹਿਬ ਜੀ' ਰਿਲੀਜ਼



**ਆਦਮਪੁਰ/ਸ਼ਾਮਚੁਰਾਸੀ–** ਸ੍ਰੀ ਮਹਿੰਦਰ ਸਿੰਘ ਐਂਡ ਅਜ਼ਾਦ ਟੀ ਵੀ ਵਲੋਂ ਐਨ ਕੇ ਐਨ ਮਿਊਜਿਕ ਕੰਪਨੀ ਦੀ ਤਰਫੋਂ 'ਕਲਮ ਵਰਸਿਜ਼ ਝਾੜੂ' ਟਰੈਕ ਜਿਸ ਨੂੰ ਮਨਦੀਪ ਮਿੱਕੀ ਨੇ ਗਾਇਆ ਹੈ, ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਗੀਤ ਦੇ ਲੇਖਕ ਮਾਣੀ ਫਗਵਾੜਾ ਨੇ ਦੱਸਿਆ ਕਿ ਇਸ ਟਰੈਕ ਦੇ ਪ੍ਰਡਿਊਸਰ ਆਰ ਕੇ ਨਾਹਰ ਹਨ। ਜਦ ਕਿ ਇਸ ਦਾ ਮਿਊਜਿਕ ਐਸ ਪੀ ਹੰਸ ਵਲੋਂ ਦਿੱਤਾ ਗਿਆ ਹੈ। ਰਮੇਸ਼ ਕੁਮਾਰ ਅਜ਼ਾਦ ਟੀ ਵੀ ਦੇ ਐਮ ਡੀ ਅਤੇ ਖੁਸ਼ਹਾਲ ਫੈਮਿਲੀ ਵਲੋਂ ਇਸ ਟਰੈਕ ਲਈ ਮਨਦੀਪ ਮਿੱਕੀ ਨੂੰ ਹਾਰਦਿਕ ਸ਼ੁੱਭਕਾਨਾਵਾਂ ਦਾ ਸਹਿਯੋਗ ਮਿਲਿਆ ਹੈ। ਜਿਕਰਯੋਗ ਹੈ ਕਿ ਇਹ ਟਰੈਕ ਵਿਸਾਖੀ ਮੌਕੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ 128ਵੇਂ ਜਨਮ ਦਿਹਾੜੇ ਨੂੰ ਸਮਰਪਿਤ ਕਰਕੇ ਰਿਲੀਜ਼ ਕੀਤਾ ਗਿਆ ਹੈ।

# ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਬਾਜਾਂ ਵਾਲਿਆ
ਨਹੀਂ ਦੁਨੀਆਂ ਵਿਚ ਤੇਰਾ ਕੋਈ ਸਾਨੀ
ਜਿਹੜੇ ਤੈਂ ਧਰਮ ਦੇਸ਼ ਦੀ ਖਾਤਰ ਉਪਕਾਰ ਕੀਤੇ
ਉਹ ਰਹਿੰਦੀ ਦੁਨੀਆ ਤੱਕ ਖਾਲਸਾ ਪੰਥ ਸਦਾ ਯਾਦ ਰੱਖੂ
ਪੁੱਤਰਾਂ ਦੇ ਦਾਨੀਆ ਵੇ ਤੇਰਾ ਕਰਜ਼ਾ
ਖਾਲਸਾ ਕਦੀ ਵੀ ਨਹੀਂ ਉਤਾਰ ਸਕਦਾ
ਜਿਹੜਾ ਕਰਜ਼ਾ ਤੈਂ ਪੁੱਤਰਾਂ ਨੂੰ ਸ਼ਹੀਦ ਕਰਾ ਕੇ
ਖਾਲਸੇ ਦੇ ਸਿਰ ਚਾੜ੍ਹਿਆ
ਅੰਮ੍ਰਿਤ ਦਾ ਬਾਟਾ ਤਿਆਰ ਕਰਕੇ
ਜਿਹੜਾ ਛੂਤਛਾਤ ਤੇ ਊਚ-ਨੀਚ ਦਾ
ਵਿਤਕਰਾ ਮਿਟਾਇਆ ਸੀ
ਉਸ ਦਾ ਅਹਿਸਾਨ ਮਨੁੱਖ ਕਦੀ ਨਹੀਂ ਭੁੱਖ ਸਕਦਾ
ਜ਼ੁਲਮ ਅਤੇ ਅਨਿਆਂ ਦੇ ਵਿਰੁੱਧ
ਜਿਹੜੀ ਤੈਂ ਜ਼ਾਲਮਾਂ ਨਾਲ ਸੀ ਲਈ ਟੱਕਰ
ਉਸ ਦੀ ਨਹੀਂ ਮਿਲਦੀ ਉਦਾਹਰਣ
ਇਸ ਸੰਸਾਰ ਅੰਦਰ
ਤੇਰਾ ਮਨੋਰਥ ਨਹੀਂ ਸੀ,
ਕੋਈ ਰਾਜ ਸਥਾਪਤ ਕਰਨਾ
ਤੇਰਾ ਤਾਂ ਇੱਕੋ ਹੀ ਉਦੇਸ਼ ਸੀ,
ਜ਼ੁਲਮ ਅਤੇ ਅਨਿਆਂ ਤੇ ਗੁਲਾਮੀ ਨੂੰ ਸਮਾਪਤ ਕਰਨਾ।
ਸਰਬੰਸ ਦਾਨੀਆ ਵੇ,
ਜੋ ਤੂੰ ਕਰ ਗਿਆ ਇਸ ਸੰਸਾਰ ਅੰਦਰ
ਉਹ ਸਦਾ ਹੀ ਰਹੂ ਯਾਦ
ਜਦ ਤੱਕ ਚਮਕਦੇ ਰਹਿਣਗੇ
ਸੂਰਜ, ਚੰਨ, ਤਾਰੇ।



ਮਾਸਟਰ ਨਿਰਮਲ ਸਿੰਘ ਲਾਲੀ

# ਅੱਖਰ ਬੋਲਦੇ ਨੇ

ਊੜਾ– ਉੱਠੋ ਹੰਭਲਾ ਮਾਰੋ,
ਕਰਨ ਲਈ ਪੜ੍ਹਾਈ।
ਐੜਾ ਕਹਿੰਦਾ ਆੜੀ ਬਣਨਾ,
ਕਰਨੀ ਨਾ ਲੜਾਈ।
ਈੜੀ ਕਹਿੰਦੀ ਏਕਤਾ 'ਚ ਰਹਿ ਕੇ,
ਦੱਬ ਕੇ ਕਰੋ ਪੜ੍ਹਾਈ।
ਸੱਸਾ ਕਹਿੰਦਾ ਸੋਹਣਾ ਲਿਖਣਾ,
ਕਰਨੀ ਸੁੰਦਰ ਲਿਖਾਈ।
ਹਾਹਾ ਕਹਿੰਦਾ ਹਰ ਦਮ ਮਿਹਨਤ ਕਰਕੇ,
ਹੋ ਜਾਓ ਹੁਸ਼ਿਆਰ।
ਕੱਕਾ ਕਹਿੰਦਾ ਕਹਿਣਾ ਮੰਨੋ,
ਰਹੋ ਨਾਲ ਪਿਆਰ।
ਖੱਖਾ ਕਹਿੰਦਾ ਖੇਡਣਾ ਜ਼ਰੂਰੀ,
ਪੜ੍ਹਾਈ ਦਾ ਕਰੋ ਸਤਿਕਾਰ।
ਗੱਗਾ ਕਹਿੰਦਾ ਗਾਉਣਾ ਸਿੱਖ ਲਓ,
ਲੱਗ ਜਾਓ ਮੌਜ ਬਹਾਰ।
ਘੱਗਾ ਕਹਿੰਦਾ ਘਾਹ ਨਾ ਖੋਤੇ,
ਚੁੱਕ ਲਓ ਕਲਮ ਦਵਾਤ।
ਚੱਚਾ ਕਹਿੰਦਾ ਚਾਹ ਨਾ ਪੀਵੋ,
ਇਹ ਕਿਹੜੀ ਸੁਗਾਤ।
ਛੱਛਾ ਕਹਿੰਦਾ ਛਾਹ ਵੇਲੇ ਲਈ,
ਲੱਸੀ ਸਿਹਤ ਦਾ ਰਾਜ਼।
ਜੱਜਾ ਕਹਿੰਦਾ ਝੱਲ ਕੇ ਮੁਸ਼ਕਿਲ,
ਜੀਵਨ ਲਓ ਸੁਆਰ।
ਟੈਂਕਾ ਕਹਿੰਦਾ ਟੌਹਰ ਬਣਾ ਲਓ,
ਪੜ੍ਹ ਕੇ ਅੱਖਰ ਚਾਰ।
ਠੱਠਾ ਕਹਿੰਦਾ ਠੱਗੀ ਤੋਂ ਬਚਣਾ,
ਨਸ਼ਿਆਂ ਨੂੰ ਦਿਓ ਵਿਸਾਰ।
ਡੱਡਾ ਕਹਿੰਦਾ ਡੀਕ ਲਾ ਕੇ,
ਪੀਓ ਜੂਸ ਅਨਾਰ।
ਢੱਡਾ ਕਹਿੰਦਾ ਢਾਹ ਨਾ ਸਕਣਗੇ,
ਨਾਮੀ ਪਹਿਲਵਾਨ।
ਤੱਤਾ ਕਹਿੰਦਾ ਤਾਂਘ ਨਹੀਂ ਰੱਖਣੀ,
ਨਾ ਲੈਣੀ ਅਹਿਸਾਨ।
ਥੱਥਾ ਕਹਿੰਦਾ ਥੰਮ ਜਾਏਗਾ,
ਜ਼ਿੰਦਗੀ ਵਿਚ ਤੂਫਾਨ।
ਦੱਦਾ ਕਹਿੰਦਾ ਦਇਆ ਕਰੋ,
ਵਿੱਦਿਆ ਦਾ ਕਰੋ ਦਾਨ।
ਧੱਦਾ ਕਹਿੰਦਾ ਧੀਰਜ ਰੱਖੋ,
ਵਧੀਆ ਬਣੋ ਇਨਸਾਨ।
ਨੱਨਾ ਕਹਿੰਦਾ ਨਕਲ ਨਾ ਮਾਰੋ,
ਜੇ ਬਣਨਾ ਮਹਾਨ।
ਪੱਪਾ ਕਹਿੰਦਾ ਪਾ ਲਓ ਬੱਚਿਓ,
ਇਹ ਵਿੱਦਿਆ ਦਾ ਗਹਿਣਾ।
ਫੱਫਾ ਕਹਿੰਦਾ ਫੇਲ੍ਹ ਨਾ ਹੋਇਓ,
ਪਹਿਲੇ ਨੰਬਰ ਤੇ ਰਹਿਣਾ।
ਬੱਬਾ ਕਹਿੰਦਾ ਬਿਮਾਰੀ ਤੋਂ ਬਚੋ,
ਤਨ ਦੀ ਕਰੋ ਸਫਾਈ।
ਭੱਬਾ ਕਹਿੰਦਾ ਭਲਾ ਕਰੋ,
ਕਦੇ ਨਾ ਕਰੋ ਬੁਰਾਈ।
ਮੱਮਾ ਕਹਿੰਦਾ ਮਾਂ ਦੀ ਪੂਜਾ,
ਕਰੇ ਕੁੱਲ ਲੁਕਾਈ।
ਯਈਆ ਕਹਿੰਦਾ ਯਾਰੋ ਰਲਕੇ,
ਖੇਡੋ ਛੂਣ ਛੁਹਾਈ।
ਰਾਰਾ ਕਹਿੰਦਾ ਰਲ ਮਿਲ ਰਹਿਣਾ,
ਕਰਨੀ ਖੂਬ ਕਮਾਈ।
ਲੱਲਾ ਕਹਿੰਦਾ ਲਾਲ ਟਮਾਟਰ,
ਚਿਹਰੇ ਤੇ ਲਿਆਣ ਸਰੂਰ।
ਵਾਵਾ ਕਹਿੰਦਾ ਵਾਹਿਗੁਰੂ ਨੂੰ,
ਜੰਡਾ ਕਰਨਾ ਯਾਦ ਜ਼ਰੂਰੀ।



ਮਨਜੀਤ ਕੌਰ
manjitkaurjanda@gmail.com

# ਅਸੀਂ ਬੋਹੜ ਸਦਾਈਏ ਧਰਤੀਏ

ਅਸੀਂ ਬੋਹੜ ਸਦਾਈਏ ਧਰਤੀਏ
ਸਾਡੀ ਛਾਂ ਨਾ ਕੋਈ
ਅਸੀਂ ਪੁੱਤ ਸਦਾਈਏ ਮਿੱਟੀਏ
ਸਾਡੀ ਮਾਂ ਨਾ ਕੋਈ
ਅਸੀਂ ਬੈਠ ਪਕਾਈਏ ਸ਼ਜਰੇ
ਸਾਡਾ ਨਾਂ ਨਾ ਕੋਈ
ਅਸੀਂ ਲੱਖਾਂ ਭਾਈਆਂ ਵਾਲੜੇ
ਸਾਡੀ ਬਾਂਹ ਨਾ ਕੋਈ
ਸਾਡੇ ਚਾਰ ਚੁਫ਼ੇਰੇ ਹੱਥ ਨੇਂ
ਪਰ ਤਾਨ੍ਹਾ ਨਾ ਕੋਈ
ਸਾਡਾ ਖੜ੍ਹਾ ਸ਼ਰੀਕਾ ਕੰਡ ਤੇ
ਪਰ ਗਾਨ੍ਹਾ ਨਾ ਕੋਈ
ਅਸੀਂ ਅੰਬਰ ਧਰਤੀ ਵੇਖ ਲਏ
ਸਾਨੂੰ ਥਾਂ ਨਾ ਕੋਈ
ਸਾਡਾ ਸਾਇਆ ਸਾਨੂੰ ਲੱਭਦਾ
ਅਸੀਂ ਹਾਂ ਨਾ ਕੋਈ

ਤੂੰ ਜਮ ਜਮ ਜੀ ਹਿਆਤੀਏ
ਤੇਰੇ ਨਾਲ਼ ਅਸੀਂ
ਤੂੰ ਜਿਸ ਮੈਦਾਨ ਵੀ ਲੜਨਾ
ਤੇਰੀ ਢਾਲ਼ ਅਸੀਂ
ਤੂੰ ਜਦ ਵੀ ਬਾਜ਼ੀ ਖੇਡਣੀ
ਤੇਰੀ ਚਾਲ ਅਸੀਂ
ਸਾਨੂੰ ਖੜੇ ਖਲੋਤੇ ਵੇਚ ਲਏ
ਤੇਰਾ ਮਾਲ ਅਸੀਂ

ਅਸੀਂ ਪੁੱਤ ਮਤਰੇਏ ਹਿਆਤੀਏ
ਸਾਡੇ ਠੂਠੇ ਵੱਖ
ਦੇਈਂ ਧੋ ਧੋ ਆਪਣੇ ਸੁੱਕੀਆਂ
ਸਾਡੇ ਜੂਠੇ ਵੱਖ
ਅਸੀਂ ਛਿਣ ਦੀ ਮੰਗੀ ਮਾਲਕੀ
ਸਾਡੇ ਗੂਠੇ ਵੱਖ

ਅਸੀਂ ਗੰਗਾ ਦੇ ਵਿਚ ਨਹਾ ਨਹਾ
ਨਿੱਤ ਰਹੇ ਪਲੀਤੇ
ਅਸੀਂ ਆਪਣੇ ਲਹੂ ਵਿਚ ਡੁੱਬ ਡੁੱਬ
ਇਸ਼ਨਾਨ ਨੇਂ ਕੀਤੇ



– ਤਾਰਿਕ ਗੁੱਜਰ

# ਇਕ ਕਲਮ 'ਚ ਹਜ਼ਾਰਾਂ ਤਲਵਾਰਾਂ ਨਾਲੋਂ ਜ਼ਿਆਦਾ ਤਾਕਤ- ਪ੍ਰਿੰਸੀਪਲ ਪਰਮਜੀਤ ਜੱਸਲ

**ਜਲੰਧਰ–** ਇਕ ਕਲਮ 'ਚ ਹਜ਼ਾਰਾਂ ਤਲਵਾਰਾਂ ਨਾਲੋਂ ਜ਼ਿਆਦਾ ਤਾਕਤ ਹੁੰਦੀ ਹੈ। ਬਾਬਾ ਸਾਹਿਬ ਦੇ ਇਸ ਸੰਦੇਸ਼ ਨੂੰ ਘਰ-



ਘਰ ਪਹੁੰਚਾਉਣ ਲਈ ਹਮੇਸ਼ਾ ਤੱਤਪਰ ਰਹਿੰਦੇ ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਦੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਸਕੂਲ 'ਚ ਡਾ. ਅੰਬੇਡਕਰ ਜੀ ਦੀ 128ਵੀਂ ਜੈਅੰਤੀ 'ਤੇ ਇਹ ਸ਼ਸ਼ਦ ਕਹੇ। ਉਹਨਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਅਣਥੱਕ ਮਿਹਨਤ ਕਰਕੇ, ਭੁੱਖੇ-ਪਿਆਸੇ ਰਹਿ ਕੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕੀਤਾ। ਇਸ ਗਿਆਨ ਦੀ ਸ਼ਕਤੀ ਨਾ ਹੀ ਸਦੀਆਂ ਤੋਂ ਲਿਤਾੜੀ ਕੌਮ ਨੂੰ ਦੂਸਰਿਆਂ ਦੇ ਬਰਾਬਰ ਖੜ੍ਹਾ ਕਰਕੇ ਅਜਿਹਾ ਕੰਮ ਕੀਤਾ ਜੋ ਅੱਜ ਤੱਕ ਕੋਈ ਹੋਰ ਨਹੀਂ ਕਰ ਸਕਿਆ। ਸਕੂਲ 'ਚ ਸਾਦੇ ਸਮਾਗਮ 'ਚ ਸਕੂਲ ਦੇ ਪ੍ਰਿੰਸੀਪਲ, ਸਮੂਹ ਸਟਾਫ ਤੇ ਬੱਚਿਆਂ ਵੱਲੋਂ ਬਾਬਾ ਸਾਹਿਬ ਜੀ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਮੋਮਬੱਤੀਆਂ ਜਗਾ ਕੇ ਉਹਨਾਂ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ। ਬੱਚਿਆਂ ਤੇ ਸਟਾਫ ਵੱਲੋਂ ਬਾਬਾ ਸਾਹਿਬ ਜੀ ਦੇ 'ਐਜੂਕੇਸ਼ਨ' ਵਾਲੇ ਸੰਦੇਸ਼ ਨੂੰ ਗ੍ਰਹਿਣ ਕਰਨ ਦਾ ਪ੍ਰਣ ਲਿਆ ਗਿਆ। ਬਾਬਾ ਸਾਹਿਬ ਜੀ ਦੀ ਜੈਅੰਤੀ 'ਤੇ ਖੁਸ਼ੀ 'ਚ ਲੱਡੂ ਵੰਡੇ ਗਏ। ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਸਤਵਿੰਦਰ ਕੌਰ ਵੱਲੋਂ ਵੀ ਸਮਾਗਮ 'ਚ ਵਿਸ਼ੇਸ਼ ਯੋਗਦਾਨ ਪਾਇਆ ਗਿਆ।

# ਫ਼ਿਲਮ 'ਖ਼ਤਰੇ ਦਾ ਘੁੱਗੂ' ਨਾਲ ਬਤੌਰ ਨਿਰਦੇਸ਼ਕ ਤੇ ਨਿਰਮਾਤਾ ਵੱਖਰੀ ਪਛਾਣ ਸਥਾਪਤ ਕਰੇਗਾ ਅਮਨ ਚੀਮਾ

ਕਿਸੇ ਵੀ ਸਫ਼ਲ ਦਾ ਸਿਹਰਾ ਪਰਦੇ 'ਤੇ ਨਜ਼ਰ ਆਉਂਦੇ ਕਲਾਕਾਰਾਂ ਦੇ ਹਿੱਸੇ ਹੀ ਨਹੀਂ ਆਉਦਾ ਬਲਕਿ ਕੈਮਰੇ ਦੇ ਪਿੱਛੇ ਕਰਨ ਵਾਲੇ ਤਕਨੀਕੀ ਮਾਹਿਰਾਂ ਦਾ ਵੀ ਭਰਪੂਰ ਯੋਗਦਾਨ ਹੁੰਦਾ ਹੈ। ਅਜਿਹੇ ਹੀ ਮਿਹਨਤੀ ਤੇ ਲਗਨ ਵਾਲੇ ਕਲਾਕਾਰਾਂ 'ਚੋਂ ਇੱਕ ਨਾਂ ਹੈ ਨਿਰਦੇਸ਼ਨ ਖੇਤਰ ਵਿੱਚ ਨਵੀਆਂ ਪੈੜਾਂ ਪਾਉਣ ਵਾਲਾ ਅਮਨ ਚੀਮਾ। ਅਮਨ ਚੀਮਾ ਫ਼ਿਲਮ 'ਖ਼ਤਰੇ ਦਾ ਘੁੱਗੂ' ਨਾਲ ਬਤੌਰ ਨਿਰਦੇਸ਼ਕ ਅਤੇ ਨਿਰਮਾਤਾ ਵੀ ਅੱਗੇ ਆਇਆ ਹੈ। ਅਮਨ ਦਾ ਕਹਿਣਾ ਹੈ ਕਿ ਇਸ ਖੇਤਰ ਵਿੱਚ ਆਉਣ ਤੋਂ ਪਹਿਲਾਂ ਉਸਨੇ ਅਨੇਕਾਂ ਫ਼ਿਲਮਕਾਰਾਂ ਨਾਲ ਰਹਿ ਕੇ ਗਿਆਨ ਲਿਆ ਹੈ। ਇਸ ਪਲੇਠੀ ਫ਼ਿਲਮ ਦਾ ਨਿਰਦੇਸ਼ਨ ਕਰਦਿਆਂ ਵੀ ਉਹ ਨਿੱਤ ਨਵੇਂ ਤਜਰਬਿਆਂ 'ਚ ਰਿਹਾ ਹੈ।



ਅਨੰਤਾ ਫ਼ਿਲਮਜ਼ ਦੇ ਬੈਨਰ ਹੇਠ ਬਣ ਰਹੀ ਇਸ ਫ਼ਿਲਮ ਵਿੱਚ ਜੋਰਡਨ ਸੰਧੂ, ਦਿਲਜੋਤ , ਬੀ ਐਨ ਸ਼ਰਮਾ, ਅਮਨ ਨੀਟੂ ਪੰਧੇਰ, ਅਨੀਤਾ ਸਬਦੀਸ਼ ਅਤੇ ਰਵਿੰਦਰ ਮੰਡ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਅਮਨ ਚੀਮਾ ਨੇ ਦੱਸਿਆ ਕਿ ਇਹ ਫ਼ਿਲਮ ਆਮ ਫ਼ਿਲਮਾਂ ਤੋ ਹਟਕੇ ਪਿਆਰ ਮੁਹੱਬਤ ਵਰਗੇ ਇੱਕ ਦਿਲਚਸਪ ਵਿਸ਼ੇ ਦੀ ਕਹਾਣੀ ਅਧਾਰਤ ਹੈ ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ। ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਕਮਾਲ ਦਾ ਹੈ।

ਜਿਕਰਯੋਗ ਹੈ ਕਿ ਅਮਨ ਚੀਮਾ ਬਹੁਤ ਮਿਹਨਤੀ ਤੇ ਲਗਨ ਵਾਲਾ ਕਲਾ ਪ੍ਰੇਮੀ ਹੈ। ਸਹਿਨਸ਼ੀਲਤਾ ਅਤੇ ਨਿਮਰਤਾ ਉਸ ਵਿੱਚ ਕੁੱਟ ਕੁੱਟ ਭਰੀ ਹੈ। ਪੰਜਾਬੀ ਸਿਨਮੇ ਨਾਲ ਉਸਦਾ ਲਗਾਓ ਕਈ ਸਾਲਾਂ ਤੋ ਸੀ, ਉਹ ਇੱਕ ਵਧੀਆ ਫ਼ਿਲਮ ਬਣਾਉਣ ਦਾ ਇੱਛਕ ਸੀ ਸੋ ਅੱਜ ਉਸ ਨੂੰ ਸੁਪਨਿਆਂ ਨੂੰ ਸੱਚ ਕਰਨ ਦਾ ਮੌਕਾ ਮਿਲਿਆ ਹੈ। ਚੰਗੀਆਂ ਫ਼ਿਲਮਾਂ ਕਰਨ ਦਾ ਇੱਕ ਵੱਖਰਾ ਹੀ ਮਜ਼ਾ ਹੁੰਦਾ ਹੈ। ਕਲਾ ਦਾ ਕੋਈ ਅੰਤ ਨਹੀਂ ਹੁੰਦਾ, ਇਨਸਾਨ ਸਾਰੀ ਜਿੰਦਗੀ ਸਿੱਖਦਾ ਰਹਿੰਦਾ ਹੈ, ਬੰਦੇ ਵਿੱਚ ਮਿਹਨਤ ਅਤੇ ਲਗਨ ਦਾ ਕੀੜਾ ਹੋਣਾ ਲਾਜ਼ਮੀ ਹੈ। ਭਵਿੱਖ ਵਿੱਚ ਉਸਦਾ ਫ਼ਿਲਮੀ ਸਫ਼ਰ ਜਾਰੀ ਰਹੇਗਾ ਤੇ ਉਹ ਦਰਸ਼ਕਾਂ ਦੀ ਪਸੰਦ ਮੁਤਾਬਕ ਫ਼ਿਲਮਾਂ ਦਾ ਨਿਰਮਾਣ ਕਰਦਾ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਫ਼ਿਲਮ ਨਾਲ ਜੁੜ ਕੇ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਉਹਨਾਂ ਦੀ ਕੋਸ਼ਿਸ਼ ਹੈ ਕਿ ਉਹ ਅਜਿਹੀ ਫ਼ਿਲਮ ਬਣਾਉਣ, ਜੋ ਹਰ ਦਰਸ਼ਕ ਦੀ ਪਸੰਦ ਬਣੇ ਅਤੇ ਹਰ ਕੋਈ ਆਪਣੇ ਪਰਿਵਾਰ ਨਾਲ ਉਸ ਫ਼ਿਲਮ ਦਾ ਆਨੰਦ ਮਾਣ ਸਕੇ।

**– ਹਰਜਿੰਦਰ ਸਿੰਘ ਜਵੰਦਾ 91-94638-28000**

# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables

ਕੁਈਨ ਸਾਈਜ਼ ਬਲੈਂਕਟ $ 18.99 ਦਾ (+Tax)
5 ਬਲੈਂਕਟ ਖਰੀਦਣ ਤੇ 1 ਬਲੈਂਕਟ ਫਰੀ


ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ



New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99



Bio Bidet Elite 2 $ 39.99+ Tax



ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ



Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

* ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।



ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free



# AAA

AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hay-ward, CA 94544



Harmandeep Singh



# RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

## Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004



Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834



# Chicago's Pizza with a Twist






Parvinder Dhesi



Kulwant Sandhu

1471 B St., Unit B, Livingston, CA 95334

# THINKING OF BUYING OR SELLING COMMERCIAL PROPERTIES IN CALIFORNIA? CALL US NOW !



BERKSHIRE HATHAWAY
HomeServices
Elite Real Estate
COMMERCIAL DIVISION



**JOHN BANGA**
Realtor *CalDRE# 01397975*
916-271-5404 banga.realtor@gmail.com

**MAJINDER SINGH**
Realtor *CalDRE# 01473247*
(916) 271-0644 singh@elitenorcal.com

## SPECIALISE IN BANK REPO APARTMENTS, COMMERCIAL PROPERTIES, GAS STATIONS, HOTELS AND AGRICULTURAL LAND



"$134,000 Indian Restaurant with beer and wine license"



"$599,900 High volume liquor store", "Gross $100k+/Month"



"$649,000 High Volume Liquor Store", "Gross $90k+/Month"



"$4.4 Million Gas Station with Real Estate", "High Volume"

**CALL US FOR FREE CONSULTATION ABOUT SELLING YOUR GAS STATION OR HOTEL. WE CAN ALSO GIVE YOU OUR EXPERT ADVISE ON VALUE OF YOUR GAS STATION OR ANY COMMERCIAL PROPERTY.**

*SPEAK WITH A PROFESSIONAL REALTOR TODAY!*

*WE HAVE QUALIFIED BUYERS FOR GAS STATIONS AND LIQUOR STORES.*

**THE RIGHT AGENT HELPS GUIDE YOU TO YOUR DREAM PROPERTY.**
**WWW.BHHCOMMERCIAL.COM**

Chevron SHELL ARCO ampm Mobil Holiday Inn Best Western

# 7412 ELSIE AVE, SACRAMENTO CA 95828

# ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ



ਵੱਲੋਂ

## ਭਾਰਤੀ ਸੰਵਿਧਾਨ ਦੇ ਰਚੇਤਾ, ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ ਦੇ ਮਸੀਹਾ ਡਾ. ਬੀ. ਆਰ. ਅੰਬੇਦਕਰ ਜੀ ਦਾ ਜਨਮ ਦਿਹਾੜਾ 21 ਅਪ੍ਰੈਲ, 2019 ਨੂੰ ਮਨਾਇਆ ਜਾਵੇਗਾ

ਸਮੂਹ ਕੈਲੇਫੋਰਨੀਆ ਨਿਵਾਸੀਆਂ (ਭਾਰਤੀਆਂ) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਸੰਵਿਧਾਨ ਦੇ ਰਚੇਤਾ, ਦਲਿਤਾਂ, ਘੱਟ ਗਿਣਤੀਆਂ ਤੇ ਸਮੂਹ ਔਰਤਾਂ ਦੇ ਮਸੀਹਾ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਬਹੁਤ ਹੀ ਉਤਸ਼ਾਹ ਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਹੈ। ਵੱਖ-ਵੱਖ ਬੁਲਾਰਿਆਂ ਵੱਲੋਂ ਅੰਬੇਦਕਰ ਜੀ ਦੇ ਜੀਵਨ, ਸੰਘਰਸ਼ ਤੇ ਪ੍ਰਾਪਤੀਆਂ ਸਬੰਧੀ ਵਿਚਾਰ ਸਾਂਝੇ ਕੀਤੇ ਜਾਣਗੇ। ਸੋ, ਸਮੂਹ ਕੈਲੇਫੋਰਨੀਆ ਨਿਵਾਸੀਆਂ ਨੂੰ ਮਿਤੀ 21 ਅਪ੍ਰੈਲ ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਪਰਿਵਾਰਾਂ ਸਮੇਤ ਪਹੁੰਚੋ ਤੇ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਹਾੜੇ ਨੂੰ ਮਨਾਉਣ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਪ੍ਰੋਗਰਾਮ 21 ਅਪ੍ਰੈਲ ਦਿਨ ਐਤਵਾਰ 2019
ਸਵੇਰ 10 ਵਜੇ ਤੋਂ 12 ਵਜੇ ਤੱਕ:
ਰਮਾਇਣ ਸਾਹਿਬ ਦੇ ਪਾਠ ਦੇ ਭੋਗ ਤੇ ਅਰਦਾਸ
12 ਵਜੇ ਤੋਂ 4 ਵਜੇ ਸ਼ਾਮ ਤੱਕ: ਬੁਲਾਰੇ ਤੇ ਗਾਇਕ ਆਪਣਾ ਪ੍ਰੋਗਰਾਮ ਦੇਣਗੇ। ਸਾਰਾ ਦਿਨ ਅਤੁੱਟ ਲੰਗਰ ਵਰਤੇਗਾ।

**ਵੱਲੋਂ:-**

**ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈਲੇਫੋਰਨੀਆ) ਯੂਬਾ ਸਿਟੀ**

ਹੋਰ ਜਾਣਕਾਰੀ ਲਈ ਫੋਨ ਨੰਬਰ 1-530-813-3877,
1- 530-740-3056
1-530-441-9124, 1-530-301-0657
ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਥਾਨ 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991 (ਪਰਸੀ ਐਵਨਿਊ ਤੇ ਗਾਰਡਨ ਹਾਈਵੇ ਦੇ ਕਾਰਨਰ 'ਤੇ)

**ਬੇਨਤੀ- ਮੰਦਰ ਦੀ ਡਿਵੈਲਪਮੈਂਟ ਦਾ ਕੰਮ ਚੱਲ ਰਿਹਾ ਹੈ।**
**ਦਾਨੀ ਸੱਜਣਾਂ ਨੂੰ ਬੇਨਤੀ ਹੈ ਕਿ ਨੇਕ ਕਮਾਈ ਵਿਚੋਂ ਬਣਦਾ ਹਿੱਸਾ ਪਾਓ ਜੀ।**

## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਦੁਨੀਆਂ ਭਰ 'ਚ ਵੱਸਦੀਆਂ ਸਮੂਹ ਸੰਗਤਾਂ ਨੂੰ ਡਾ. ਬੀ. ਆਰ. ਅੰਬੇਦਕਰ ਜੀ ਦੇ ਜਨਮ ਦਿਵਸ, ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ


















## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਹੁਦੇਦਾਰ